Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 31 | Tuesday, February 15, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਹਫਤੇ ਲੰਮੇਂ ਮੁਜ਼ਾਹਰੇ ਤੋਂ ਬਾਅਦ ਅੰਬੈਸਡਰ ਬ੍ਰਿੱਜ ਮੁੜ ਖੁੱਲ੍ਹਿਆ

ਓਟਵਾ, 14 ਫਰਵਰੀ (ਪੋਸਟ ਬਿਊਰੋ) : ਕੈਨੇਡਾ ਤੇ ਅਮਰੀਕਾ ਦਰਮਿਆਨ ਅੰਬੈਸਡਰ ਬ੍ਰਿੱਜ ਕਰੌਸਿੰਗ ਨੂੰ ਖੋਲ੍ਹ ਦਿੱਤਾ ਗਿਆ ਹੈ। ਐਤਵਾਰ ਦੇਰ ਰਾਤ ਜਾਰੀ ਕੀਤੇ ਗਏ ਬਿਆਨ ਵਿੱਚ ਡਿਟਰੌਇਟ ਇੰਟਰਨੈਸ਼ਨਲ ਬ੍ਰਿੱਜ ਕੰਪਨੀ ਵੱਲੋਂ ਇਹ ਐਲਾਨ ਕੀਤਾ ਗਿਆ।



ਇਸ ਬ੍ਰਿਜ ਨੂੰ ਮੇਨਟੇਨ ਕਰਨ ਵਾਲੀ ਕੰਪਨੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਅੰਬੈਸਡਰ ਬ੍ਰਿੱਜ ਪੂਰੀ ਤਰ੍ਹਾਂ ਖੁੱਲ੍ਹ ਚੁੱਕਿਆ ਹੈ ਤੇ ਇੱਕ ਵਾਰੀ ਫਿਰ ਇਸ ਬ੍ਰਿੱਜ ਰਾਹੀਂ ਕੈਨੇਡਾ ਤੇ ਅਮਰੀਕਾ ਦਰਮਿਆਨ ਵਪਾਰ ਮੁੜ ਤੋਂ ਸ਼ੁਰੂ ਹੋ ਜਾਵੇਗਾ।ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਵਿੰਡਸਟਰ, ਓਨਟਾਰੀਓ ਨੂੰ ਡਿਟਰੋਇਟ ਨਾਲ ਜੋੜਨ ਵਾਲੀ ਬਾਰਡਰ ਕਰੌਸਿੰਗ ਖੁੱਲ੍ਹ ਗਈ ਹੈ। ਵਿੰਡਸਟਰ ਪੁਲਿਸ ਵੱਲੋਂ ਇਹ ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਉਨ੍ਹਾਂ ਵੱਲੋਂ ਮੁਜ਼ਾਹਰੇ ਵਾਲੀ ਥਾਂ ਦੀ ਅਜੇ ਵੀ ਨਿਗਰਾਨੀ ਕੀਤੀ ਜਾ ਰਹੀ ਹੈ।ਸੋਮਵਾਰ ਨੂੰ ਟਵੀਟ ਕਰਕੇ ਵਿੰਡਸਰ ਪੁਲਿਸ ਨੇ ਆਖਿਆ ਕਿ ਗੈਰਕਾਨੂੰਨੀ ਗਤੀਵਿਧੀ ਨੂੰ ਕਿਸੇ ਵੀ ਹਾਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਜ਼ਿਕਰਯੋਗ ਹੈ ਕਿ ਐਤਵਾਰ ਨੂੰ ਪੁਲਿਸ ਵੱਲੋਂ 30 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਪੰਜ ਗੱਡੀਆਂ ਨੂੰ ਜ਼ਬਤ ਕੀਤਾ ਗਿਆ ਤੇ ਸੱਤ ਗੱਡੀਆਂ ਨੂੰ ਟੋਅ ਕੀਤਾ ਗਿਆ।

## ਫਰੀਡਮ ਕੌਨਵੌਏ ਦੇ ਪ੍ਰਬੰਧਕਾਂ ਨਾਲ ਸਿਟੀ ਆਫ ਓਟਵਾ ਨੇ ਕੀਤੀ ਡੀਲ : ਮੇਅਰ

ਓਟਵਾ, 14 ਫਰਵਰੀ (ਪੋਸਟ ਬਿਊਰੋ) : ਓਟਵਾ ਦੇ ਮੇਅਰ ਦਾ ਕਹਿਣਾ ਹੈ ਕਿ ਪਿਛਲੇ ਦੋ ਹਫਤਿਆਂ ਤੋਂ ਵੀ ਵੱਧ ਸਮੇਂ ਤੋਂ ਡਾਊਨਟਾਊਨ ਸਟਰੀਟਸ ਵਿੱਚ ਜਾਮ ਲਾਈ ਬੈਠੇ ਮੁਜ਼ਾਹਰਾਕਾਰੀਆਂ ਨਾਲ ਸਿਟੀ ਨੇ ਡੀਲ ਸਿਰੇ ਚੜ੍ਹਾ ਲਈ ਹੈ।

ਮੇਅਰ ਜਿੰਮ ਵਾਟਸਨ ਨੇ ਐਤਵਾਰ ਦੁਪਹਿਰ ਨੂੰ ਆਖਿਆ ਕਿ ਇਸ ਡੀਲ ਤਹਿਤ ਅਗਲੇ 24 ਘੰਟਿਆਂ ਵਿੱਚ ਮੁਜ਼ਾਹਰਾਕਾਰੀ ਰਿਹਾਇਸ਼ੀ ਇਲਾਕੇ ਨੂੰ ਛੱਡ ਜਾਣਗੇ। ਮੇਅਰ ਦੇ ਆਫਿਸ ਨੇ ਆਖਿਆ ਕਿ ਫਰੀਡਮ ਕੌਨਵੌਏ ਦੇ ਪ੍ਰਬੰਧਕਾਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਉਹ ਆਪਣੇ ਮੁਜ਼ਾਹਰੇ ਪਾਰਲੀਆਮੈਂਟ ਹਿੱਲ ਦੇ ਦੁਆਲੇ ਤੱਕ ਹੀ ਸੀਮਤ ਰੱਖਣਗੇ। ਕੌਨਵੌਏ ਦੀ ਬੋਰਡ ਪ੍ਰੈਜ਼ੀਡੈਂਟ ਤਮਾਰਾ ਲਿਚ ਨੇ ਆਖਿਆ ਕਿ ਵਾਟਸਨ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਹੈ ਕਿ ਜੇ ਸੋਮਵਾਰ ਦੁਪਹਿਰ ਤੱਕ ਟਰੱਕ ਤੇ ਹੋਰ ਗੱਡੀਆਂ ਨੂੰ ਰਿਹਾਇਸ਼ੀ ਇਲਾਕੇ ਤੋਂ ਪਾਸੇ ਕਰ ਲਿਆ ਜਾਂਦਾ ਹੈ ਤਾਂ ਉਹ ਮੁਜ਼ਾਹਰਾਕਾਰੀਆਂ ਨਾਲ ਮੁਲਾਕਾਤ ਕਰਨਗੇ।



ਇਸ ਦੇ ਬਦਲੇ ਵਿੱਚ ਲਿਚ ਨੇ ਆਖਿਆ ਕਿ ਮੁਜ਼ਾਹਰਾਕਾਰੀਆਂ ਵੱਲੋਂ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ ਤੇ ਉਹ ਸੋਮਵਾਰ ਤੋਂ ਆਪਣੀ ਨਵੀਂ ਲੋਕੇਸ਼ਨ ਉੱਤੇ ਚਲੇ ਜਾਣਗੇ।

## ਛੁਰੇਬਾਜ਼ੀ ਤੋਂ ਬਾਅਦ ਇੱਕ ਹਸਪਤਾਲ 'ਚ, ਇੱਕ ਹਿਰਾਸਤ 'ਚ

ਮਿਸੀਸਾਗਾ, 14 ਫਰਵਰੀ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਗੰਭੀਰ ਜ਼ਖ਼ਮੀ ਹਾਲਤ ਵਿੱਚ ਇੱਕ 17 ਸਾਲਾ ਲੜਕੇ ਨੂੰ ਹਸਪਤਾਲ ਲਿਜਾਇਆ ਗਿਆ।ਪਰ ਹੁਣ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਮਿਸੀਸਾਗਾ ਵਿੱਚ ਫਾਲਿੰਗਬਰੁੱਕ ਡਰਾਈਵਰ ਤੇ ਸ਼ੇਰਵੁੱਡ ਮਿੱਲਜ਼ ਬੋਲੀਵੀਆਰਡ ਏਰੀਆ ਵਿੱਚ ਰਾਤੀਂ 9:00 ਵਜੇ ਤੋਂ ਬਾਅਦ ਪੁਲਿਸ ਨੂੰ ਛੁਰੇਬਾਜ਼ੀ ਦੀ ਇਸ ਘਟਨਾ ਦੇ ਸਬੰਧ ਵਿੱਚ ਰਿਪੋਰਟ ਮਿਲੀ।ਪੁਲਿਸ ਨੇ ਦੱਸਿਆ ਕਿ ਛੁਰੇਬਾਜ਼ੀ ਦੀ ਇਹ ਘਟਨਾ ਲੜਾਈ ਤੋਂ ਬਾਅਦ ਵਾਪਰੀ।

ਇਸ ਮਾਮਲੇ ਦੇ ਸਬੰਧ ਵਿੱਚ ਇੱਕ ਹੋਰ ਟੀਨੇਜਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਸ ਮਾਮਲੇ ਵਿੱਚ ਕੋਈ ਹੋਰ ਮਸ਼ਕੂਕ ਨਹੀਂ ਦੱਸਿਆ ਜਾ ਰਿਹਾ।ਮਸ਼ਕੂਕ ਤੇ ਜ਼ਖ਼ਮੀ ਲੜਕੇ ਦਰਮਿਆਨ ਕੀ ਸਬੰਧ ਸੀ ਇਸ ਦਾ ਵੀ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

## ਪੰਜਾਬ ਆਏ ਨਰਿੰਦਰ ਮੋਦੀ ਨੇ 'ਨਵਾਂ ਪੰਜਾਬ, ਨਵੀਂ ਟੀਮ ਦੇ ਨਾਲ' ਦਾ ਨਵਾਂ ਨਾਅਰਾ ਦਿੱਤਾ

ਜਲੰਧਰ, 14 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਸੋਮਵਾਰ ਨੂੰ ਜਲੰਧਰ ਵਿੱਚ ਚੋਣਾਂ ਦੇ ਪ੍ਰਚਾਰ ਲਈ ਪਹੁੰਚੇ ਤਾਂ ਉਨ੍ਹਾਂ ਨੇ ਨਵਾਂ ਨਾਅਰਾ 'ਨਵਾਂ ਪੰਜਾਬ, ਨਵੀਂ ਟੀਮ ਦੇ ਨਾਲ' ਪੇਸ਼ ਕੀਤਾ ਅਤੇ ਪੰਜਾਬੀਆਂ ਤੋਂ ਭਵਿੱਖ ਵਿੱਚ ਕੇਂਦਰ ਸਰਕਾਰ ਨਾਲ ਮਿਲ ਕੇ ਚੱਲਣ ਵਾਲੇ ਆਗੂਆਂ ਲਈ ਵੋਟ ਦੀ ਮੰਗ ਕੀਤੀ।

ਗੁਰੂ-ਫਤਿਹ ਬੁਲਾ ਕੇ ਭਾਸ਼ਣ ਸ਼ੁਰੂ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਕਿ ਮੈਨੂੰ ਏਥੇ ਆ ਕੇ ਬਹੁਤ ਖੁਸ਼ੀ ਹੋਈ ਹੈ।ਉਨ੍ਹਾ ਕਿਹਾ ਕਿ ਜੰਮੂ-ਕਸ਼ਮੀਰ ਦੇ ਪੁਲਵਾਮਾਦੇ ਅੱਤਵਾਦੀ ਹਮਲੇ ਵਿੱਚਮਾਰੇ ਗਏ ਬਹਾਦਰ ਜਵਾਨਾਂ ਦੀ ਅੱਜ ਤੀਸਰੀ ਬਰਸੀ ਹੈ ਤੇ ਉਨ੍ਹਾਂ ਨੂੰ ਮੈਂ ਸ਼ਰਧਾਂਜਲੀ ਭੇਟ ਕਰਦਾ ਹਾਂ। ਉਨ੍ਹਾਂ ਕਿਹਾ ਕਿ ਇਸ 16 ਫਰਵਰੀ ਨੂੰ ਸੰਤ ਰਵੀਦਾਸ ਦੀ ਜਯੰਤੀ ਹੈ, ਮੈਂ ਉਨ੍ਹਾ ਨੂੰ ਵੀ ਸ਼ਰਧਾ ਨਾਲਸਿਰ ਝੁਕਾਉਂਦਾ ਹਾਂ।ਇਸ ਦੇ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪੰਜਾਬ ਨੇ ਮੈਨੂੰ ਇੰਨਾ ਕੁਝ ਦਿੱਤਾ ਹੈ ਕਿ ਉਸ ਦਾ ਕਰਜ਼ ਲਾਹੁਣ ਲਈ ਜਿੰਨੀ ਸੇਵਾ ਕਰਾਂ, ਓਨਾਵੱਧ ਸੇਵਾ ਦਾਮਨ ਕਰਦਾ ਹੈ।ਉਨ੍ਹਾ ਕਿਹਾ ਕਿ ਮੈਂ ਭਰੋਸਾ ਦਿੰਦਾ ਹਾਂ ਕਿ ਪੰਜਾਬ ਇਕ ਵਾਰ ਭਾਜਪਾ ਨੂੰ ਮੌਕਾ ਦੇਵੇ ਤਾਂ ਭਾਜਪਾ ਪੰਜਾਬ ਦੀ ਭਲਾਈ ਕਰ ਦੇਵੇਗੀ।ਉਨ੍ਹਾਂ ਕਿਹਾ ਕਿ ਭਾਜਪਾ ਆਪਣੀ ਸਰਕਾਰ ਦੇ ਕੰਮ ਦੇ ਭਰੋਸੇ ਚੋਣਾਂ ਲੜਦੀ ਹੈ ਤੇ ਮੈਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦੇਂਦਾ ਹਾਂ ਕਿ ਅਸੀਂ ਪੰਜਾਬ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡਾਂਗੇ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ "ਬੀਤੇ ਸਾਲਾਂ ਵਿੱਚ ਤੁਸੀਂ ਸਭ ਨੇ ਦੇਸ਼ ਲਈ ਮੇਰੀ ਮਿਹਨਤ ਵੇਖੀ ਹੈ,ਇਸ ਵਾਰੀ ਪੰਜਾਬ ਵਿੱਚ ਐੱਨ ਡੀ ਏ ਗਠਜੋੜ ਦੀ ਸਰਕਾਰ ਬਣੇਗੀ ਤਾਂ ਪੰਜਾਬ ਵਿੱਚ ਵਿਕਾਸ ਦਾ ਨਵਾਂ ਚੈਪਟਰ ਸ਼ੁਰੂ ਹੋਵੇਗਾ। ਨਵੇਂ ਪੰਜਾਬ ਵਿੱਚ ਵਿਕਾਸ ਹੋਵੇਗਾ, ਹਰ ਵਿਅਕਤੀ ਨੂੰ ਮਾਣ ਸਨਮਾਨ ਮਿਲੇਗਾਅਤੇ ਪੰਜਾਬ ਦਾ ਨਵਾਂ ਨਾਅਰਾ:'ਨਵਾਂ ਪੰਜਾਬ, ਨਵੀਂ ਟੀਮ ਦੇ ਨਾਲ' ਹੋਵੇਗਾ। ਪੰਜਾਬ ਨਵੇਂ ਗਠਜੋੜ ਵਾਲੇ ਭਾਜਪਾ ਨੂੰ ਮੌਕਾ ਦੇਵੇ ਤੇ ਪੰਜਾਬ ਦੇ ਇੱਕ-ਇੱਕ ਵਿਅਕਤੀ ਨੂੰ ਅਤੇ ਖਾਸ ਕਰ ਕੇ ਨੌਜਵਾਨਾਂ ਨੂੰ ਮੈਂ ਵਿਸ਼ਵਾਸ ਦੇਂਦਾ ਹਾਂ ਕਿ ਤੁਹਾਡੇ ਚੰਗੇ ਭਵਿੱਖ ਲਈ ਸਾਡੀ ਕੋਸ਼ਿਸ਼ ਵਿੱਚ ਕੋਈ ਕਮੀ ਨਹੀਂ ਛੱਡਾਂਗੇ। ਨਵਾਂ ਭਾਰਤ ਉਦੋਂ ਬਣੇਗਾ, ਜਦੋਂ ਇਸ ਦਹਾਕੇ ਵਿੱਚ 'ਨਵਾਂ ਪੰਜਾਬ' ਬਣੇਗਾ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵਾਂ ਪੰਜਾਬ ਕਰਜ਼ ਤੋਂ ਮੁਕਤ ਹੋਵੇਗਾ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
Late Evening and Weekends Appointments Available
1888 864 3131
Jasbir Singh Hundal Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਮੋਦੀ ਦੀ ਰੈਲੀ ਕਾਰਨ ਮੁੱਖ ਮੰਤਰੀ ਚੰਨੀ ਦਾ ਹੈਲੀਕਾਪਟਰ ਦੋ ਵਾਰੀ ਰੋਕਿਆ ਗਿਆ

## * ਖਿਝੇ ਹੋਏ ਚੰਨੀ ਨੇ ਕਿਹਾ: ਮੈਂ ਮੁੱਖ ਮੰਤਰੀ ਹਾਂ, ਅੱਤਵਾਦੀ ਨਹੀਂ * ਮੋਦੀ ਨੇ ਕਿਹਾ: ਮੇਰਾ ਹੈਲੀਕਾਪਟਰ ਵੀ ਰਾਹੁਲ ਗਾਂਧੀ ਵਾਸਤੇ ਰੋਕਦੇ ਹੁੰਦੇ ਸੀ



ਚੰਡੀਗੜ੍ਹ, 14 ਫਰਵਰੀ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਹੈਲੀਕਾਪਟਰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਕਾਰਨ ਦੋ ਵਾਰੀ ਰੋਕਿਆ ਗਿਆ। ਪਹਿਲਾਂ ਹੁਸ਼ਿਆਰਪੁਰ ਵਿੱਚ ਰੋਕਿਆ ਅਤੇ ਫਿਰ ਸੁਜਾਨਪੁਰ ਤੋਂ ਉੱਡਣ ਦੀ ਮਨਜ਼ੂਰੀ ਨਹੀਂ ਸੀ ਦਿੱਤੀ ਜਾ ਰਹੀ। ਇਸਵਿਹਾਰ ਕਾਰਨ ਖਿਝੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਹਾਂ, ਕੋਈ ਅੱਤਵਾਦੀ ਤਾਂ ਨਹੀਂ ਹਾਂ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਅੱਜ ਜਲੰਧਰ ਵਿੱਚ ਰੈਲੀ ਹੋਣ ਕਾਰਨ ਨੋ-ਫਲਾਈ ਜ਼ੋਨ ਵਾਲੇ ਸਕਿਓਰਟੀ ਪਰੋਟੋਕੋਲ ਦੇ ਕਾਰਨ ਪੰਜਾਬ ਦੇ ਮੁੱਖ ਮੰਤਰੀ ਦੇ ਹੈਲੀਕਾਪਟਰ ਨੂੰ ਉਡਾਉਣ ਦੀ ਪ੍ਰਸ਼ਾਸਨ ਮਨਜ਼ੂਰੀ ਨਹੀਂ ਸੀ ਦੇ ਰਿਹਾ। ਇੱਕੋ ਦਿਨ ਪਹਿਲਾਂ ਹੁਸ਼ਿਆਰਪੁਰ ਤੇ ਫਿਰ ਸੁਜਾਨਪੁਰ ਤੋਂ ਹੈਲੀਕਾਪਟਰ ਰੋਕੇ ਜਾਣ ਉੱਤੇਮੁੱਖ ਮੰਤਰੀ ਚੰਨੀ ਗੁੱਸੇ ਵਿੱ-ਚਆ ਗਏ ਤੇ ਉਨ੍ਹਾਂ ਕਿਹਾ ਕਿ 'ਮੈਂ ਪੰਜਾਬ ਦਾ ਮੁੱਖ ਮੰਤਰੀ ਹਾਂ, ਕੋਈ ਅੱਤਵਾਦੀ ਨਹੀਂ। ਸਵੇਰੇ ਮੇਰੇ ਹੈਲੀਕਾਪਟਰਨੂੰ ਹੁਸ਼ਿਆਰਪੁਰ ਰੋਕ ਦਿੱਤਾ ਗਿਆ ਤੇ ਫਿਰ ਸੁਜਾਨਪੁਰ ਰੋਕ ਦਿੱਤਾ ਹੈ।' ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਮੈਨੂੰ ਬਿਨਾਂ ਕਾਰਨ ਪਰੇਸ਼ਾਨ ਕੀਤਾ ਜਾ ਰਿਹਾ ਹੈ।ਉਨ੍ਹਾ ਕਿਹਾ ਕਿ 'ਇਹ ਸਭ ਸਿਆਸੀ ਕਾਰਨਾਂ ਕਰ ਕੇ ਕੀਤਾ ਜਾ ਰਿਹਾ ਹੈ, ਪਰਮੁੱਖ ਮੰਤਰੀ ਨੂੰ ਇਸ ਤਰ੍ਹਾਂ ਰੋਕਣਾ ਬਹੁਤ ਗਲਤ ਹੈ। ਮੈਨੂੰ ਚੋਣ ਪ੍ਰਚਾਰ ਨਹੀਂ ਕਰਨ ਦਿੱਤਾ ਜਾ ਰਿਹਾ, ਮੈਂ ਪੰਜਾਬ ਦਾ ਮੁੱਖ ਮੰਤਰੀ ਹਾਂ, ਕੋਈ ਅੱਤਵਾਦੀ ਤਾਂ ਨਹੀਂ।' ਅੱਜ ਕਾਂਗਰਸਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਹੁਸ਼ਿਆਰਪੁਰ ਵਿੱਚ ਹੋਈ ਚੋਣ ਰੈਲੀ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ਾਮਲ ਹੋਣਾ ਸੀ, ਪਰ ਹੈਲੀਕਾਪਟਰ ਨੂੰ ਮਨਜ਼ੂਰੀ ਨਾ ਮਿਲਣ ਕਾਰਨ ਉਹ ਰਾਹੁਲ ਗਾਂਧੀ ਦੀ ਰੈਲੀ ਵਿੱਚ ਪੁੱਜ ਨਹੀਂ ਸਕੇ।ਮੁੱਖ ਮੰਤਰੀ ਚੰਨੀ ਨੂੰ ਹੁਸ਼ਿਆਰਪੁਰ ਤੋਂ ਸੁਜਾਨਪੁਰ ਭੇਜ ਦਿੱਤਾ ਗਿਆ ਸੀ ਤੇ ਫਿਰਸੁਜਾਨਪੁਰ ਤੋਂ ਚੰਨੀ ਦੇ ਹੈਲੀਕਾਪਟਰ ਨੂੰ ਮਨਜ਼ੂਰੀ ਨਹੀਂ ਸੀ ਮਿਲ ਰਹੀ, ਜਦ ਕਿ ਚੰਨੀ ਨੇ ਇਸ ਪਿੱਛੋਂ ਜਲੰਧਰ ਵਿੱਚ ਹੋਣ ਵਾਲੀ ਰੈਲੀ ਵਿੱਚ ਪਹੁੰਚਣਾ ਹੈ, ਜਿਸ ਕਾਰਨ ਉਹ ਕਾਰ ਵਿੱਚਆਏਸਨ।

ਦੂਸਰੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਲੰਧਰ ਦੀ ਚੋਣ ਰੈਲੀ ਵਿੱਚ ਇਸ ਹੈਲੀਕਾਪਟਰ ਵਿਵਾਦ ਦਾ ਜ਼ਿਕਰ ਕੀਤਾ ਤੇ ਕਾਂਗਰਸ ਉੱਤੇਵਿਅੰਗ ਕਰਦੇ ਹੋਏ ਕਿਹਾ ਕਿ ਵਿਰੋਧੀਆਂ ਨੂੰ ਰੋਕਣਾ ਕਾਂਗਰਸ ਦੀ ਆਦਤ ਹੈ। ਉਨ੍ਹਾਂ ਕਿਹਾ ਕਿ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਭਾਜਪਾ ਨੇ ਪ੍ਰਧਾਨ ਮੰਤਰੀ ਉਮੀਦਵਾਰ ਬਣਾਲਿਆ ਤਾਂਉਨ੍ਹਾਂ ਦਾ ਹੈਲੀਕਾਪਟਰ ਵੀਪਠਾਨਕੋਟ ਤੋਂ ਹਿਮਾਚਲ ਪ੍ਰਦੇਸ਼ ਵਿੱਚਚੋਣ ਪ੍ਰਚਾਰ ਲਈ ਜਾਂਦੇ ਸਮੇਂ ਰੋਕਿਆ ਗਿਆ ਸੀ। ਮੋਦੀ ਨੇ ਕਿਹਾ ਕਿ ਉਦੋਂ ਕਾਂਗਰਸ ਦੇ ਯੁਵਰਾਜ (ਰਾਹੁਲ ਗਾਂਧੀ) ਅੰਮ੍ਰਿਤਸਰ ਵਿੱਚ ਆ ਰਹੇ ਸਨ, ਉਨ੍ਹਾਂ ਦੇ ਕਾਰਨ ਮੇਰਾ ਹੈਲੀਕਾਪਟਰ ਨਹੀਂ ਸੀ ਉੱਡਣ ਦਿੱਤਾ, ਜਦਕਿ ਰਾਹੁਲ ਸਿਰਫ਼ ਪਾਰਲੀਮੈਂਟ ਮੈਂਬਰ ਸਨਅਤੇ ਮੈਨੂੰ ਹਿਮਾਚਲ ਪ੍ਰਦੇਸ਼ ਵਿੱਚ ਦੋ ਰੈਲੀਆਂ ਰੱਦ ਕਰਨੀਆਂ ਪਈਆਂ ਸਨ।

# ਡੇਰਾ ਸੱਚਾ ਸੌਦਾ ਸਿਆਸੀ ਪਾਰਟੀਆਂ ਦੀ ਹਮਾਇਤ ਦਾ ਐਲਾਨ 18 ਨੂੰ ਕਰੇਗਾ

## * ਰਾਮ ਰਹੀਮ ਦੇ ਕੁੜਮ ਦੇ ਚੋਣ ਪ੍ਰਚਾਰ ਵਿੱਚ ਪੈਰੋਕਾਰ ਸ਼ਾਮਲ



ਤਲਵੰਡੀ ਸਾਬੋ, 14 ਫਰਵਰੀ, (ਪੋਸਟ ਬਿਊਰੋ)-ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਜੇਲ੍ਹ ਤੋਂ ਫਰਲੋ ਉੱਤੇ ਰਿਹਾਈ ਤੋਂ ਬਾਅਦ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਚਲ ਮੱਚ ਗਈ ਹੈ। ਅਗਲੇ ਇੱਕ-ਦੋ ਦਿਨਾਂ ਵਿੱਚ ਇਸ ਡੇਰੇ ਦਾ ਸਿਆਸੀ ਵਿੰਗ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਮਰਥਨ ਦੇਣ ਬਾਰੇ ਫੈਸਲਾ ਲੈਣ ਜਾ ਰਿਹਾ ਹੈ, ਪਰ ਡੇਰਾ ਮੁਖੀ ਦੇ ਕੁੜਮ ਹਰਮਿੰਦਰ ਸਿੰਘਜੱਸੀ ਦੇ ਪ੍ਰਚਾਰਲਈ ਇਸ ਡੇਰੇ ਦੇ ਪੈਰੋਕਾਰ ਚੱਲ ਪਏ ਹਨ। ਡੇਰੇ ਦਾ ਸਾਫ ਹੁਕਮ ਹੈ ਕਿ ਹਰਮਿੰਦਰ ਸਿੰਘ ਜੱਸੀ ਦੀ ਜਿੱਤ ਹਰ ਹਾਲਤ ਵਿੱਚਕਰਵਾਈ ਜਾਵੇ।

ਇਸ ਵਕਤ ਡੇਰਾ ਸੱਚਾ ਸੌਦਾ ਦੇ ਪ੍ਰੇਮੀ ਆਪਣੇ ਡੇਰਾ ਮੁਖੀ ਦੇ ਕੁੜਮ ਹਰਮਿੰਦਰ ਸਿੰਘ ਜੱਸੀ ਦੇ ਪ੍ਰਚਾਰ ਲਈਘਰ-ਘਰ ਜਾ ਰਹੇ ਹਨ।ਸਾਬਕਾ ਕਾਂਗਰਸੀ ਆਗੂ ਤੇ ਪੰਜਾਬ ਦਾ ਸਾਬਕਾ ਮੰਤਰੀ ਹਰਮਿੰਦਰ ਸਿੰਘਜੱਸੀਇਸ ਵਾਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ। ਉਸ ਦੇ ਹੱਕ ਵਿੱਚਪੰਜਾਬ ਦੇ ਵੱਖ-ਵੱਖ ਬਲਾਕਾਂ ਤੋਂ ਡੇਰਾ ਪ੍ਰੇਮੀ ਆ ਰਹੇ ਹਨ, ਕਿਉਂਕਿ ਉਨ੍ਹਾ ਡਿਊਟੀ ਲਾਈ ਗਈ ਹੈ।ਪੰਜਾਬ ਵਿੱਚ ਸੱਚਾ ਸੌਦਾ ਦੇ ਮੁੱਖ ਕੇਂਦਰ ਡੇਰਾ ਸਲਾਬਤਪੁਰਾ ਦੇ ਮੈਨੇਜਰ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਡੇਰੇ ਨੇ ਅਜੇ ਕਿਸੇ ਪਾਰਟੀ ਦੀ ਹਮਾਇਤ ਦਾ ਐਲਾਨ ਨਹੀਂ ਕੀਤਾ, ਪਰ ਜੱਸੀ ਦੀਜਿੱਤ ਡੇਰਾ ਪ੍ਰੇਮੀਆਂ ਲਈ ਭਰੋਸੇਯੋਗਤਾ ਦਾ ਸਵਾਲ ਹੈ। ਉਨ੍ਹਾਂ ਕਿਹਾ ਕਿ ਜਨਵਰੀ ਦੇ ਪਹਿਲੇ ਹਫ਼ਤੇ ਰਾਮਾ ਮੰਡੀ ਵਿੱਚਮੁੱਖ ਮੰਤਰੀ ਚਰਨਜੀਤ ਚੰਨੀ ਦੀ ਰੈਲੀ ਵਿੱਚ ਕਾਂਗਰਸ ਦੇ ਹਲਕਾ ਇੰਚਾਰਜ ਖੁਸ਼ਬਾਜ਼ ਸਿੰਘ ਜਟਾਣਾ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ ਸੀ, ਜਿਸਦਾ ਡੇਰਾ ਪ੍ਰੇਮੀਆਂ ਨੂੰ ਰੋਸ ਹੈ। ਡੇਰਾ ਪ੍ਰੇਮੀ ਖੁਸ਼ਬਾਜ਼ ਸਿੰਘ ਜਟਾਣਾ ਨੂੰ ਕਿਸੇ ਹਾਲਤ ਉਥੋਂ ਜਿੱਤਣ ਨਹੀਂ ਦੇਣਗੇ, ਇਸੇ ਲਈ ਡੇਰੇ ਨੇ ਜੱਸੀ ਦੀ ਹਮਾਇਤ ਕਰਨ ਦਾ ਖੁੱਲ੍ਹਾ ਐਲਾਨ ਕੀਤਾ ਹੈ।

# ਰੂਸ ਤੇ ਯੂਕਰੇਨ ਵਿਚਾਲੇ ਜੰਗ ਦੀ ਆਹਟ ਹੋਰ ਵਧੀ

## * ਰੂਸ ਨੇ ਸਰਹੱਦ ਉੱਤੇ ਫੌਜੀ ਗਿਣਤੀ 1.30 ਲੱਖ ਤੋਂ ਵਧਾਈ * ਕਈ ਹੋਰ ਦੇਸ਼ਾਂ ਨੇ ਦੂਤ ਘਰਾਂ ਦੇ ਮੁਲਾਜ਼ਮ ਕੱਢੇ



ਵਾਸ਼ਿੰਗਟਨ, 14 ਫਰਵਰੀ, (ਪੋਸਟ ਬਿਊਰੋ)-ਅਮਰੀਕਾ ਦੇ ਇੱਕ ਅਧਿਕਾਰੀ ਨੇ ਦੱਸਿਆ ਹੈ ਕਿ ਰੂਸ ਨੇ ਯੂਕਰੇਨਦੀ ਸਰਹੱਦ ਉੱਤੇ ਤਾਇਨਾਤ ਆਪਣੀਆਂ ਫੌਜਾਂ ਦੀ ਗਿਣਤੀ ਵਧਾ ਕੇ 1.30 ਲੱਖ ਤੋਂ ਵਧਾਦਿੱਤੀ ਹੈ। ਪਹਿਲਾਂ ਰੂਸ ਨੇ ਸਰਹੱਦ ਉੱਤੇ ਇਕ ਲੱਖ ਤੋਂ ਵੱਧ ਸੈਨਿਕ ਤਾਇਨਾਤ ਕੀਤੇ ਹੋਏ ਸਨ। ਇਸ ਦੌਰਾਨ ਅਮਰੀਕਾ ਨੇ ਚਿਤਾਵਨੀ ਦਿੱਤੀ ਹੈ ਕਿ ਰੂਸ ਇਸ ਹਫ਼ਤੇ ਯੂਕਰੇਨ ਉੱਤੇ ਹਮਲਾ ਕਰ ਸਕਦਾ ਹੈ, ਜਿਸ ਕਾਰਨ ਐਤਵਾਰ ਨੂੰ ਕੁਝ ਹਵਾਈ ਕੰਪਨੀਆਂ ਨੇ ਯੂਕਰੇਨ ਦੀ ਰਾਜਧਾਨੀ ਕੀਵ ਲਈ ਆਪਣੀਆਂ ਉਡਾਣਾਂ ਨੂੰ ਰੱਦ ਕਰ ਦਿੱਤਾ ਤੇ ਕਈ ਹੋਰ ਦੇਸ਼ਾਂ ਨੇ ਓਥੋਂ ਆਪਣੇ ਦੂਤਘਰਾਂ ਦੇ ਸਟਾਫ ਕੱਢ ਲਏ ਹਨ।ਅੱਜ ਸੋਮਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨਾਲ ਕਰੀਬ ਇੱਕ ਘੰਟਾਗੱਲਬਾਤ ਕੀਤੀ ਤੇ ਇਸ ਦੇ ਬਾਅਦ ਉਨ੍ਹਾ ਦੇ ਸਹਿਯੋਗੀਆਂ ਨੇ ਦੱਸਿਆ ਕਿ ਜ਼ੇਲੈਂਸਕੀ ਨੇ ਬਾਈਡੇਨ ਨੂੰ ਕਿਹਾ ਕਿ ਯੂਕਰੇਨ ਦੇ ਲੋਕ ਰੂਸ ਦੀ ਮਜ਼ਬੂਤ ਫੌਜ ਦੇ ਸੰਭਾਵਿਤ ਹਮਲੇ ਅੱਗੇਭਰੋਸਮੰਦ ਸੁਰੱਖਿਆ ਵਿੱਚ ਹਨ।ਅਮਰੀਕਾ ਨੇ ਕਿਹਾ ਹੈ ਕਿ ਦੋਵੇਂ ਦੇਸ਼ ਇਸ ਉੱਤੇ ਸਹਿਮਤ ਹਨ ਕਿ ਰੂਸ ਦੇ ਹਮਲੇ ਨੂੰ ਰੋਕਣ ਲਈ ਕੂਟਨੀਤੀ ਤੇ ਮੁਕਾਬਲਾ, ਦੋਵੇਂ ਉਪਾਅ ਕੀਤੇ ਜਾਣ।ਅਮਰੀਕਾ ਸਰਕਾਰ ਨੇ ਅੱਜ ਕਿਹਾ ਹੈ ਕਿ ਰੂਸ ਕਿਸੇ ਘਟਨਾ ਦਾ ਬਹਾਨਾ ਬਣਾ ਕੇ ਯੂਕਰੇਨ ਉੱਤੇ ਹਮਲਾ ਕਰ ਦੇਵੇਗਾ। ਅਮਰੀਕਾ ਤੇ ਯੂਰਪ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਦਿਨਾਂ ਦੀਆਂ ਖੁਫੀਆ ਪੜਤਾਲਾਂ ਨੇ ਉਨ੍ਹਾ ਦੀ ਚਿੰਤਾ ਵਧਾਈ ਹੈ। ਉਨ੍ਹਾਂ ਮੁਤਾਬਕ ਰੂਸਪੂਰਬੀਯੂਕਰੇਨਵਿੱਚਹੋਣ ਵਾਲੀ ਫ਼ੌਜੀ ਐਕਸਰਸਾਈਜ਼ ਨੂੰ ਵੀ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਇਸੇ ਬਹਾਨੇ ਜੰਗ ਛਿੜ ਸਕਦੀ ਹੈ।

ਪਤਾ ਲੱਗਾ ਹੈ ਕਿ ਰੂਸ ਦੀ ਸੈਨਾ ਨੇ ਯੂਕਰੇਨ ਨੂੰ ਉੱਤਰੀ, ਪੂਰਬੀ ਤੇ ਦੱਖਣੀ ਪਾਸੇ ਤੋਂ ਘੇਰਿਆ ਹੋਇਆ ਹੈ, ਪਰ ਰੂਸ ਦਾ ਕਹਿਣਾ ਹੈ ਕਿ ਫੌਜਾਂ ਦੀ ਤਾਇਨਾਤੀ ਐਕਸਰਸਾਈਜ਼ ਲਈ ਹੈ। ਅਮਰੀਕਾ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਨ੍ਹਾ ਦੇ ਅਨੁਮਾਨ ਮੁਤਾਬਕ ਯੂਕਰੇਨ ਦੀ ਸਰਹੱਦ ਨੇੜੇ ਰੂਸ ਦੇ






# ਰਾਹੁਲ ਗਾਂਧੀ ਨੇ ਮੋਦੀ-ਸ਼ਾਹ ਤੇ ਕੇਜਰੀਵਾਲ ਨੂੰ ਮੁੱਦਿਆਂ ਨਾਲ ਘੇਰਨ ਦਾ ਯਤਨ ਕੀਤਾ



ਗੁਰਦਾਸਪੁਰ, 14 ਫਰਵਰੀ, (ਪੋਸਟ ਬਿਊਰੋ)-ਪੰਜਾਬ ਦੇ ਗੁਰਦਾਸਪੁਰ ਵਿੱਚ ਅੱਜ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਜਨਤਕ ਮੀਟਿੰਗ ਨੂੰ ਸੰਬੋਧਨ ਕੀਤਾ ਤਾਂ ਇਸ ਮੌਕੇ ਆਮ ਆਦਮੀ ਪਾਰਟੀ ਤੇ ਭਾਜਪਾ ਉੱਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਆ ਕੇ ਮੁਹੱਲਾ ਕਲੀਨਿਕ ਦੀ ਗੱਲ ਕਰਦੇ ਹਨ, ਪਰ ਉਨ੍ਹਾਂ ਨੂੰ ਪਹਿਲਾਂ ਦੱਸਣਾ ਚਾਹੀਦਾ ਹੈ ਕਿ ਕੋਰੋਨਾ ਵਾਇਰਸ ਦੀ ਮਾਰ ਦੇ ਸਮੇਂ ਦਿੱਲੀਸ਼ਹਿਰ ਤੇ ਦਿੱਲੀ ਦੇ ਹਸਪਤਾਲਾਂ ਵਿੱਚ ਕੀ ਹੋਇਆ? ਉਨ੍ਹਾ ਇਹ ਵੀ ਕਿਹਾ ਕਿ ਮੁਹੱਲਾ ਕਲੀਨਿਕ ਕਾਂਗਰਸ ਦੀ ਸ਼ੀਲਾ ਦੀਕਸ਼ਤ ਦੀ ਸਰਕਾਰ ਨੇ ਸ਼ੁਰੂ ਕੀਤੇ ਸਨ, ਜਿਨ੍ਹਾਂ ਦਾ ਸਿਹਰਾ ਕੇਜਰੀਵਾਲ ਲੈ ਰਿਹਾ ਹੈ। ਨਸ਼ਿਆਂਦੇ ਮੁੱਦੇ ਬਾਰੇ ਭਾਜਪਾਵੱਲ ਨਿਸ਼ਾਨਾ ਸਾਧਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿਦੇਸ਼ ਦੇ ਪ੍ਰਧਾਨ ਮੰਤਰੀਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਪੰਜਾਬ ਆ ਕੇ ਕਹਿੰਦੇ ਹਨ ਕਿ ਉਹ ਨਸ਼ਿਆਂਦੇ ਖਿਲਾਫ ਕਾਰਵਾਈ ਕਰਨਗੇ, ਪਰ ਸਾਲ 2013 ਵਿੱਚ ਜਦੋਂ ਮੈਂ ਪੰਜਾਬ ਯੂਨੀਵਰਸਿਟੀ ਵਿੱਚਨਸ਼ਿਆਂ ਦਾ ਮੁੱਦਾ ਪਹਿਲੀ ਵਾਰ ਚੁੱਕਿਆ ਤਾਂ ਓਦੋਂ ਅਕਾਲੀ ਆਗੂਆਂ ਨੇ ਮੇਰਾ ਮਜ਼ਾਕ ਉਡਾਇਆ ਅਤੇ ਭਾਜਪਾ ਨੇ ਇਹ ਕਿਹਾ ਸੀ ਕਿ ਪੰਜਾਬ ਵਿੱਚਨਸ਼ਿਆਂ ਦੀ ਕੋਈ ਸਮੱਸਿਆਨਹੀਂ, ਰਾਹੁਲ ਗਾਂਧੀ ਲੋਕਾਂ ਨੂੰ ਭੜਕਾ ਰਹੇ ਹਨ।ਓਦੋਂਪੰਜਾਬ ਵਿੱਚ ਭਾਜਪਾ-ਅਕਾਲੀ ਇਕੱਠੇ ਰਾਜ ਕਰਦੇ ਸਨ, ਪਰਓਦੋਂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੇ ਨਸ਼ਾ ਨਹੀਂ ਸੀ ਦੇਖਿਆ।ਰਾਹੁਲ ਗਾਂਧੀ ਨੇ ਕਿਹਾ ਕਿ ਉਸ ਤੋਂ ਬਾਅਦ ਕਰੋਨਾ ਦਾ ਸਮਾਂ ਆਇਆ ਅਤੇ ਮੈਂ ਲੋਕ ਸਭਾ ਵਿੱਚ 7-8 ਵਾਰ ਕਿਹਾ ਕਿ ਤਿਆਰ ਰਹੋ, ਨਹੀਂ ਤਾਂ ਇਹ ਬਹੁਤ ਨੁਕਸਾਨ ਕਰ ਸਕਦਾ ਹੈ, ਓਦੋਂ ਉਨ੍ਹਾਂ ਨੇ ਕਿਹਾ ਕਿ ਰਾਹੁਲ ਗਾਂਧੀ ਬਕਵਾਸ ਕਰਦਾ ਹੈ।ਸੀਨੀਅਰ ਕਾਂਗਰਸ ਰਾਹੁਲ ਗਾਂਧੀ ਨੇ ਕਿਹਾ ਕਿ ਕੋਰੋਨਾ ਦੌਰ ਵਿੱਚਯੂਥ ਕਾਂਗਰਸ ਦੇ ਨੌਜਵਾਨਾਂ ਨੇਦਿੱਲੀਵਿੱਚ ਲੋਕਾਂ ਦੀ ਮਦਦ ਕੀਤੀ, ਪਰ ਵੈਂਟੀਲੇਟਰਾਂ ਦੀ ਕਮੀ ਸੀ ਤਾਂ ਕੇਜਰੀਵਾਲ ਤੇ ਮੋਦੀ ਨਜ਼ਰ ਨਹੀਂ ਆਏ।ਉਨ੍ਹਾ ਕਿਹਾ ਕਿ ਪੰਜਾਬ ਲਈ ਸਭ ਤੋਂ ਜ਼ਰੂਰੀ ਅਮਨ ਹੈ ਤੇ ਪੰਜਾਬ ਦੇ ਨੌਜਵਾਨਾਂ ਲਈ ਸ਼ਾਂਤੀ ਅਤੇ ਭਾਈਚਾਰਾ ਜ਼ਰੂਰੀ ਹੈ, ਜਿਸ ਦਿਨ ਇਹ ਨਾ ਰਿਹਾ, ਤਾਂ ਪੰਜਾਬ ਦੁਖੀ ਹੋ ਜਾਵੇਗਾ, ਇਸ ਲਈ ਵੋਟ ਉਨ੍ਹਾਂ ਨੂੰ ਦਿਓ,ਜਿਹੜੇ ਅਮਨ ਕਾਇਮ ਰੱਖਣ ਲਈ ਵਚਨਬੱਧ ਹਨ।


















## ਅੱਜ ਨਾਮਾ

ਲੱਗਿਆ ਵੋਟ ਮਸ਼ੀਨਾਂ ’ਤੇ ਦੋਸ਼ ਮੁੜ ਕੇ,
ਕਿਧਰੇ ਵੋਟ ਪੈਂਦੀ ਕਿਸੇ ਨੂੰ ਪਾਈ ਬੇਲੀ।
ਨੱਪਿਆ ਬਟਨ ਸੀਗਾ ਦੂਜੀ ਪਾਰਟੀ ਦਾ,
ਪਾਰਟੀ ਦੂਸਰੀ ਦੀ ਪਰਚੀ ਆਈ ਬੇਲੀ।
ਕਰਿਆ ਰੋਸ ਤਾਂ ਨਹੀਂ ਜਵਾਬ ਮਿਲਿਆ,
ਜਾਂਦੀ ਕਿੱਦਾਂ ਇਹ ਖੇਡ ਪਲਟਾਈ ਬੇਲੀ।
ਅਫਸਰ ਪੈਰਾਂ ’ਤੇ ਪਾਣੀ ਨਹੀਂ ਪੈਣ ਦੇਂਦੇ,
ਜਾਂਦੇ ਗੱਲਾਂ ਵਿੱਚ ਗੱਲ ਤਿਲਕਾਈ ਬੇਲੀ।
ਮਸਲਾ ਹਾਲੇ ਆਹ ਉੱਤਰ ਪ੍ਰਦੇਸ਼ ਵੰਨੀਂ,
ਇੱਕ ਦਿਨ ਹੋਣੀ ਪੰਜਾਬ ਦੀ ਚੋਣ ਬੇਲੀ।
ਲੱਗਾ ਇਥੇ ਵੀ ਇਹੋ ਜਿਹਾ ਦੋਸ਼ ਜੇਕਰ,
ਮੁਸ਼ਕਲ ਹੋਣਾ ਫਿਰ ਧੋਵਣਾ ਧੋਣ ਬੇਲੀ।

**ਤੀਸ ਮਾਰ ਖਾਂ**

# ਏਅਰ ਇੰਡੀਆ ਵੱਲੋਂ ਲੰਡਨ ਹੀਥਰੋ-ਅੰਮ੍ਰਿਤਸਰ ਉਡਾਣਾਂ ਦੀ ਗਿਣਤੀ ਵਿੱਚ ਵਾਧਾ

## ਪੰਜਾਬੀ ਭਾਈਚਾਰੇ ਵਲੋਂ ਏਅਰ ਇੰਡੀਆ ਦੇ ਫੈਸਲੇ ਦਾ ਸਵਾਗਤ

ਫਰਵਰੀ 14, (ਪੋਸਟ ਬਿਉਰੋ): ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਵਿਕਾਸ ਮੰਚ, ਸੇਵਾ ਟਰੱਸਟ ਯੂ.ਕੇ. ਅਤੇ ਯੂ.ਕੇ. ਦੇ ਪੰਜਾਬੀ ਭਾਈਚਾਰੇ ਨੇ ਟਾਟਾ ਗਰੁੱਪ ਅਧੀਨ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ ਹੀਥਰੋ ਸਿੱਧੀ ਉਡਾਣ ਨੂੰ 27 ਮਾਰਚ ਤੋਂ ਹਫ਼ਓਮਪ;ਤੇ ਵਿੱਚ ਇਕ ਦਿਨ ਤੋਂ ਵਧਾ ਕੇ ਤਿੰਨ ਉਡਾਣਾਂ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ (ਯੂਐਸਏ) ਅਤੇ ਸੇਵਾ ਟਰੱਸਟ ਯੂ.ਕੇ ਦੇ ਸੰਸਥਾਪਕ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਨੇ ਪ੍ਰੈਸ ਨੂੰ ਦਿੱਤੇ ਸਾਂਝੇ ਬਿਆਨ ਵਿੱਚ ਕਿਹਾ ਕਿ ਕਰੋਨਾ ਮਹਾਂਮਾਰੀ ਅਤੇ ਨਿਯਮਤ ਅੰਤਰਰਾਸ਼ਟਰੀ ਉਡਾਣਾਂ ਦੀ ਮੁਅੱਤਲੀ ਦੇ ਵਿਚਕਾਰ ਇਸ ਪ੍ਰਸਿੱਧ ਉਡਾਣ ਦੀ ਗਿਣਤੀ ਵਿੱਚ ਵਾਧਾ ਯੂਕੇ ਵਿੱਚ ਰਹਿੰਦੇ ਪੰਜਾਬੀ ਪ੍ਰਵਾਸੀਆਂ ਲਈ ਚੰਗੀ ਖ਼ਬਰ ਲੈ ਕੇ ਆਇਆ ਹੈ।

ਗੁਮਟਾਲਾ ਨੇ ਦੱਸਿਆ ਕਿ ਏਅਰ ਇੰਡੀਆ ਦੀ ਵੈੱਬਸਾਈਟ ’ਤੇ ਤਾਜ਼ਾ ਸਮਾਸੂਚੀ ਅਨੁਸਾਰ, ਏਅਰ ਇੰਡੀਆ ਦੀ ਉਡਾਣ ਏਆਈ 170 ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਲੰਡਨ ਹੀਥਰੋ ਤੋਂ ਉਡਾਣ ਭਰੇਗੀ ਅਤੇ ਅੰਮ੍ਰਿਤਸਰ ਤੋਂ ਉਡਾਣ ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ ਰਵਾਨਾ ਹੋਵੇਗੀ। ਏਅਰ ਇੰਡੀਆ ਇਸ ਰੂਟ ’ਤੇ 256 ਸੀਟਾਂ ਵਾਲਾ ਬੋਇੰਗ 787-8 ਡ੍ਰੀਮਲਾਈਨਰ ਜਹਾਜ਼ ਚਲਾਉਂਦੀ ਹੈ ਜਿਸ ਵਿੱਚ 238 ਇਕੋਨੋਮੀ ਅਤੇ 18 ਬਿਜ਼ਨਸ ਕਲਾਸ ਸੀਟਾਂ ਹਨ। ਇਹਨਾਂ ਸਿੱਧੀਆਂ ਉਡਾਣਾਂ ਦੀ ਬੁਕਿੰਗ ਅਕਤੂਬਰ 2022 (ਏਅਰਲਾਈਨਾਂ ਲਈ ਗਰਮੀਆਂ ਦੀ ਸਮਾਂ-ਸਾਰਣੀ ਦੇ ਅੰਤ) ਤੱਕ ਉਪਲਬਧ ਹੈ।




ਵਰਤਮਾਨ ਵਿੱਚ, ਭਾਰਤ ਅਤੇ ਬ੍ਰਿਟੇਨ ਦਰਮਿਆਨ ਉਡਾਣਾਂ ਭਾਰਤ ਦੁਆਰਾ ਕਈ ਦੇਸ਼ਾਂ ਨਾਲ ਕੀਤੇ ਗਏ ਅਸਥਾਈ ਹਵਾਈ ਸਮਝੌਤਿਆਂ (ਏਅਰ ਬੱਬਲ) ਦੇ ਤਹਿਤ ਚੱਲ ਰਹੀਆਂ ਹਨ। ਗੁਮਟਾਲਾ ਦੇ ਦੱਸਿਆ ਕਿ ਏਅਰ ਇੰਡੀਆ ਇਸ ਵੇਲੇ ਹਫ਼ਓਮਪ;ਤੇ ਵਿੱਚ ਇਕ ਦਿਨ ਸਿੱਧੀ ਅੰਮ੍ਰਿਤਸਰ-ਬਰਮਿੰਘਮ ਉਡਾਣ ਵੀ ਚਲਾ ਰਹੀ ਹੈ। ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਏਅਰ ਬੱਬਲ ਖਤਮ ਹੋਣ ਤੋਂ ਬਾਦ ਇਹਨਾਂ ਉਡਾਣਾਂ ਦੀ ਗਿਣਤੀ ਵੀ ਵਧੇਗੀ। ਉਨ੍ਹਾਂ ਅੱਗੇ ਕਿਹਾ, “ਸਿੱਧੀਆਂ ਉਡਾਣਾਂ ਵਿੱਚ ਵਾਧੇ ਨਾਲ ਪੰਜਾਬ ਅਤੇ ਯੂਕੇ ਦਰਮਿਆਨ ਹਵਾਈ ਸਫਰ ਸਿਰਫ਼ਓਮਪ; 8-9 ਘੰਟਿਆਂ ਵਿੱਚ ਪੂਰਾ ਹੋ ਜਾਂਦਾ ਹੈ ਅਤੇ ਯਾਤਰੀ ਦਿੱਲੀ ਰਾਹੀਂ ਹੁੰਦੀ ਖੱਜਲ ਖ਼ੁਆਰੀ ਤੋਂ ਵੀ ਬੱਚ ਸਕਣਗੇ। ਇਹਨਾਂ ਉਡਾਣਾਂ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਇੱਥੋਂ ਤੱਕ ਕਿ ਉਦਯੋਗ ਅਤੇ ਕਿਸਾਨਾਂ ਨੂੰ ਵੀ ਯੂਕੇ ਲਈ ਵਧੇਰੇ ਸਿੱਧੀਆਂ ਉਡਾਣਾਂ ਦਾ ਲਾਭ ਹੋਵੇਗਾ ਕਿਉਂਕਿ ਉਹ ਕਾਰਗੋ ਭੇਜਣ ਦੇ ਯੋਗ ਹੋਣਗੇ। ਸੇਵਾ ਟਰੱਸਟ ਯੂਕੇ ਦੇ ਸੰਸਥਾਪਕ ਚੇਅਰਮੈਨ, ਚਰਨ ਕੰਵਲ ਸਿੰਘ ਸੇਖੋਂ, ਜਿਨ੍ਹਾਂ ਨੂੰ ਹਾਲ ਹੀ ਵਿੱਚ ਯੂਕੇ ਦੇ ਵੱਖ-ਵੱਖ ਭਾਈਚਾਰਿਆਂ ਲਈ ਯੋਗਦਾਨ ਅਤੇ ਸਮਾਜ ਸੇਵਾ ਲਈ ਗ੍ਰੇਟ ਬ੍ਰਿਟੇਨ ਦੀ ਮਹਾਰਾਣੀ ਦੁਆਰਾ ਰਾਸ਼ਟਰੀ ਸਨਮਾਨ (ਐਮਬੀਈ) ਨਾਲ ਸਨਮਾਨਿਤ ਕੀਤਾ ਗਿਆ ਸੀ, ਨੇ ਕਿਹਾ, 9;ਸੇਵਾ ਟਰੱਸਟ ਯੂਕੇ ਦੇ ਸਮੂਹ ਮੈਂਬਰਾਂ ਦੀ ਤਰਫ਼ੋਂ ਮੈਂ ਇਸ ਫੈਸਲੇ ਦਾ ਸਵਾਗਤ ਕਰਦਾ ਹਾਂ ਅਤੇ ਟਾਟਾ /ਏਅਰ ਇੰਡੀਆ ਦੁਆਰਾ ਦੇ ਨਵੇਂ ਪ੍ਰਬੰਧਕਾਂ ਦੇ ਇਸ ਸ਼ਾਨਦਾਰ ਫੈਸਲੇ ਲਈ ਦਿਲੋਂ ਧੰਨਵਾਦੀ ਹਾਂ। ਯੂ.ਕੇ. ਵਿੱਚ ਰਹਿੰਦੇ ਸਮੁੱਚੇ ਪੰਜਾਬੀ ਅਤੇ ਭਾਰਤੀ ਪ੍ਰਵਾਸੀਆਂ ਦੇ ਫਾਇਦੇ ਲਈ ਜੋ ਸਿੱਧੇ ਪੰਜਾਬ ਦੀ ਹਵਾਈ ਯਾਤਰਾ ਕਰਨਾ ਚਾਹੁੰਦੇ ਹਨ, ਅਸੀਂ ਅੰਮ੍ਰਿਤਸਰ ਵਿਕਾਸ ਮੰਚ ਦੇ ਨਾਲ ਮਿਲ ਕੇ ਪਿਛਲੇ ਪੰਜ ਸਾਲਾਂ ਤੋਂ ਇਸ ਲਈ ਸਾਂਝੀ ਮੁਹਿੰਮ ਚਲਾਈ ਹੈ ਅਤੇ ਬਹੁਤ ਹੀ ਲਗਨ ਨਾਲ ਕੰਮ ਕੀਤਾ ਹੈ। ਅਸੀਂ ਇਸ ਮੁੱਦੇ ਨੂੰ ਭਾਰਤ, ਪੰਜਾਬ ਅਤੇ ਯੂ.ਕੇ. ਸਰਕਾਰ, ਯੂਕੇ ਦੇ ਭਾਰਤੀ ਹਾਈ ਕਮਿਸ਼ਨ ਦੇ ਨਾਲ-ਨਾਲ ਭਾਰਤ ਦੇ ਹਵਾਬਾਜੀ ਮੰਤਰਾਲੇ ਅਤੇ ਏਅਰ ਇੰਡੀਆ ਕੋਲ ਉਠਾਇਆ ਹੈ ਅਤੇ ਲੰਡਨ ਤੋਂ ਪੰਜਾਬ ਲਈ ਸਿੱਧੀਆਂ ਉਡਾਣਾਂ ਦੀ ਇਸ ਮੰਗ ਨੂੰ ਉਜਾਗਰ ਕੀਤਾ ਹੈ। ਅਸੀਂ ਭਾਰਤ ਸਰਕਾਰ, ਏਅਰ ਇੰਡੀਆ ਅਤੇ ਸ਼੍ਰੀ ਹਰਦੀਪ ਸਿੰਘ ਪੁਰੀ ਦਾ 2019 ਵਿੱਚ ਗੁਰੂ ਨਾਨਕ ਦੇਵ ਜੀ 550 ਸਾਲਾਂ ਗੁਰਪੂਰਬ ਮੌਕੇ ਲੰਡਨ ਸਟੈਨਸਟੇਡ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਅਤੇ ਹੁਣ ਟਾਟਾ ਵਲੋਂ ਮਾਰਚ ਤੋਂ ਲੰਡਨ ਹੀਥਰੋ ਲਈ ਉਡਾਣਾਂ ਦੀ ਗਿਣਤੀ ਵਧਾਉਣ ਦੇ ਫੈਸਲਾ ਲਈ ਧੰਨਵਾਦੀ ਹਾਂ।ਮੈਂ ਉਨ੍ਹਾਂ ਸਾਰੇ ਯਾਤਰੀਆਂ ਨੂੰ ਜੋ ਪੰਜਾਬ ਜਾਣਾ ਚਾਹੁੰਦੇ ਹਨ, ਨੂੰ ਇਨ੍ਹਾਂ ਸਿੱਧੀਆਂ ਉਡਾਣਾਂ ਦੀ ਤੇ ਹੀ ਜਾਣ ਦੀ ਅਪੀਲ ਕਰਨਾ ਚਾਹਾਂਗਾ ਤਾਂ ਜੋ ਇਹਨਾਂ ਦੀ ਕਾਮਯਾਬੀ ਨਾਲ ਹੋਰ ਵੀ ਏਅਰਲਾਈਨਾਂ ਉਡਾਣਾਂ ਸ਼ੁਰੂ ਕਰ ਸਕਣ। ਅਸੀਂ ਹੋਰ ਏਅਰਲਾਈਨਾਂ ਨੂੰ ਪੰਜਾਬ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਮਨਾਉਣ ਵਾਸਤੇ ਆਪਣੀ ਮੁਹਿੰਮ ਜਾਰੀ ਰੱਖਾਂਗੇ ਕਿਉਂਕਿ ਲੰਡਨ ਰਾਹੀਂ ਕੈਨੇਡਾ, ਅਮਰੀਕਾ ਅਤੇ ਯੂਰਪ ਦੇ ਨਾਲ ਸੁਵਿਧਾਜਨਕ ਸੰਪਰਕ ਵੀ ਬਣ ਸਕਦਾ ਹੈ। ਇਹਨਾਂ ਮੁਲਕਾਂ ਵਿੱਚ ਪੰਜਾਬੀ ਭਾਈਚਾਰਾ ਬਹੁਤ ਵੱਡੀ ਗਿਣਤੀ ਵਿੱਚ ਹੈ।

# 2002 ਦੇ ਪਿੱਛੋਂ ਕਦੇ ਵੀ ਕੋਈ ਕਾਮਰੇਡ ਵਿਧਾਨ ਸਭਾ ਦੀ ਪੌੜੀ ਨਹੀਂ ਚੜ੍ਹ ਸਕਿਆ

ਲੁਧਿਆਣਾ, 14 ਫਰਵਰੀ (ਪੋਸਟ ਬਿਊਰੋ)- ਮਜ਼ਦੂਰਾਂ ਤੇ ਮਿਹਨਤਕਸ਼ ਲੋਕਾਂ ਦਾ ਦਮ ਭਰਨ ਵਾਲੀਆਂ ਕਮਿਊਨਿਸਟ ਪਾਰਟੀਆਂ ਦਾ ਪੰਜਾਬ ਵਿੱਚ ਦਬਦਬਾ ਲਗਾਤਾਰ ਘੱਟ ਹੁੰਦਾ ਜਾ ਰਿਹਾ ਹੈ। ਕਈ ਦਹਾਕਿਆਂ ਤਕ ਪੰਜਾਬ ਵਿਧਾਨ ਸਭਾ ਵਿੱਚ ਗੂੰਜਣ ਵਾਲੀ ਕਾਮਰੇਡਾਂ ਦੀ ਆਵਾਜ਼ ਅਲੋਪ ਹੋ ਚੁੱਕੀ ਹੈ। ਵਿਧਾਨ ਸਭਾ ਦੀਆਂ 2002ਦੀਆਂ ਚੋਣਾਂ ਵਿੱਚ ਸੀ ਪੀ ਆਈ ਦੇ ਦੋ ਵਿਧਾਇਕ ਚੁਣੇ ਗਏ ਸਨ। ਇਸ ਦੇ ਬਾਅਦ ਹੋਈਆਂ ਚੋਣਾਂ ਵਿੱਚ ਕਿਸੇ ਇੱਕ ਵੀ ਕਾਮਰੇਡ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਮੌਕਾ ਪ੍ਰਾਪਤ ਨਹੀਂ ਹੋਇਆ।

ਪੰਜਾਬ ਵਿਧਾਨ ਸਭਾ ਦੀਆਂ 1962 ਤੱਕ ਚੋਣਾਂ ਵਿੱਚ ਕਾਮਰੇਡਾਂ ਦਾ ਕਾਫੀ ਬੋਲਬਾਲਾ ਸੀ। ਫਿਰ ਪਾਰਟੀ ਦੀ ਵੰਡ ਦੇ ਬਾਅਦ 1967 ਵਿੱਚ ਇਨ੍ਹਾਂ ਦੇ ਵਿਧਾਇਕਾਂ ਦੀ ਗਿਣਤੀ ਘਟਣ ਲੱਗ ਪਈ, ਜਿਸ ਦਾ ਨਤੀਜਾ ਇਹ ਹੋਇਆ ਕਿ 2002 ਵਿੱਚ ਵਿਧਾਨ ਸਭਾ ਵਿੱਚ ਸੀ ਪੀ ਆਈ ਦੇ ਦੋ ਉਮੀਦਵਾਰ ਗੁਰਜੰਟ ਸਿੰਘ ਅਤੇ ਨੱਥੂ ਰਾਮ ਜਿੱਤ ਕੇ ਵਿਧਾਨ ਸਭਾ ਵਿੱਚ ਪਹੁੰਚੇ ਆਖਰੀ ਵਿਧਾਇਕ ਸਨ ਅਤੇ ਉਹ ਵੀ ਦਲਬਦਲੀ ਕਰ ਕੇ ਕਾਂਗਰਸ ਵਿੱਚ ਜਾ ਰਲੇ ਸਨ। ਪਾਰਟੀ ਦੀ ਵੰਡ ਦੇ ਬਾਅਦ 1967ਦੀਆਂ ਚੋਣਾਂ ਵਿੱਚ ਸੀ ਪੀ ਆਈ ਦੇ 20 ਉਮੀਦਵਾਰਾਂ ਵਿੱਚੋਂ ਚਾਰ ਜਿੱਤ ਗਏਤੇ ਪੀ ਆਈ ਐਮ ਨੇ 10 ਉਮੀਦਵਾਰ ਮੈਦਾਨ ਵਿੱਚ ਉਤਾਰੇ ਸਨ, ਪਰ ਦੋ ਹੀ ਜਿੱਤ ਹਾਸਲ ਸਕੇ। ਸਾਲ 1972 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਨੂੰ ਸੀ ਪੀ ਆਈ ਦਾ ਸੁਨਹਿਰਾ ਸਮਾਂ ਕਿਹਾ ਜਾ ਸਕਦਾ ਹੈ। ਇਸ ਚੋਣ ਵਿੱਚ ਪਾਰਟੀ ਦੇ 13 ਵਿੱਚੋਂ 10 ਉਮੀਦਵਾਰ ਜਿੱਤ ਕੇ ਵਿਧਾਨ ਸਭਾ ਵਿੱਚ ਪਹੁੰਚ ਗਏ ਅਤੇ ਸੀ ਪੀ ਆਈ ਐਮ ਦੇ 17 ਵਿੱਚੋਂ ਕੇਵਲ ਇੱਕ ਹੀ ਸ਼੍ਰੋਮਣੀ ਅਕਾਲੀ ਦਲ ਨਾਲ ਬਣੇ ਗੱਠਜੋੜ ਸਦਕਾ ਜਿੱਤਣ ਵਿੱਚ ਸਫਲਰਿਹਾ। ਇਸ ਦੇ ਬਾਅਦ 1980 ਵਿੱਚ ਹੋਈਆਂ ਚੋਣਾਂ ਵਿੱਚ ਸੀ ਪੀ ਆਈ ਦੇ 18 ਵਿੱਚੋਂ 9 ਅਤੇ ਸੀ ਪੀ ਐਮ ਦੇ 13 ਵਿੱਚੋਂ ਪੰਜ ਜਿੱਤ ਸਕੇ। 1985 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੀ ਪੀ ਆਈ ਨੇ 38 ਅਤੇ ਸੀ ਪੀ ਆਈ ਐਮ ਨੇ 28 ਉਮੀਦਵਾਰ ਖੜੇ ਕੀਤੇ, ਪਰ ਇਨ੍ਹਾਂ ਵਿੱਚੋਂ ਕੇਵਲ ਇੱਕ ਉਮੀਦਵਾਰ ਸੀ ਪੀ ਆਈ ਦੇ ਮਹਿਤਾਬ ਸਿੰਘ ਹੀ ਵਿਧਾਇਕ ਬਣੇ।

ਵਿਧਾਨ ਸਭਾ ਦੀਆਂ 1992 ਵਿੱਚ ਹੋਈਆਂ ਚੋਣਾਂ ਦਾ ਅਕਾਲੀ ਦਲ ਸਮੇਤ ਪੰਥਕ ਸੰਗਠਨਾਂ ਨੇ ਬਾਈਕਾਟ ਕਰ ਦਿੱਤਾ ਤਾਂ ਇਸ ਚੋਣ ਵਿੱਚ ਸੀ ਪੀ ਆਈ ਨੇ 20 ਅਤੇ ਸੀ ਪੀ ਆਈ ਐਮ ਨੇ 17 ਉਮੀਦਵਾਰ ਖੜ੍ਹੇ ਕੀਤੇ ਸਨ। ਇਸ ਵਿੱਚ ਸੀ ਪੀ ਆਈ ਦੇ ਚਾਰ ਅਤੇ ਸੀ ਪੀ ਆਈ ਐਮ ਦਾ ਇੱਕ ਉਮੀਦਵਾਰ ਜਿੱਤ ਗਿਆ। 2002 ਦੀਆਂ ਚੋਣਾਂ ਵਿੱਚ ਸੀ ਪੀ ਆਈ ਨੇ 11 ਅਤੇ ਸੀ ਪੀ ਆਈ ਐਮ ਨੇ 13 ਉਮੀਦਵਾਰ ਖੜੇ ਕੀਤੇ, ਪਰ ਸੀ ਪੀ ਆਈ ਦੇ ਦੋ ਉਮੀਦਵਾਰ ਗੁਰਜੰਟ ਸਿੰਘ (ਪੱਕਾ ਕਲਾਂ) ਅਤੇ ਨੱਥੂ ਰਾਮ (ਮਲੋਟ) ਹੀ ਜਿੱਤਣ ਵਿੱਚ ਸਫਲ ਹੋਏ। ਇਸ ਪਿੱਛੋਂ ਖੱਬੇ ਪੱਖੀ ਦਲਾਂ ਦੇ ਪਤਣ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਅੱਜ ਤੱਕ ਜਾਰੀ ਹੈ।

# ਪ੍ਰਵਾਸੀ ਪੰਜਾਬੀਆਂ ਦੀ ਪੁਕਾਰ: ‘ਉੱਤਰ ਕਾਂਟੋ ਮੈਂ ਚੜ੍ਹਾਂ ਨੂੰ ਕਰੋ ਸੱਤਾ ਤੋਂ ਬਾਹਰ’

ਬਰੈਂਪਟਨ,(ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਲੰਘੇ ਐਤਵਾਰ ਬਰੈਂਪਟਨ ਦੇ 125 ਕਰਾਈਸਲਰ ਰੋਡ ਵਿਖੇ ਚਾਂਦਨੀ ਬੈਂਕੁਇਟ ਹਾਲ ਵਿਚ ਆਮ ਆਦਮੀ ਪਾਰਟੀ ਦੇ ਲੱਗਭੱਗ ਡੇਢ ਸੌ ਸਮੱਰਥਕਾਂ ਦਾ ਇਕੱਠ ਹੋਇਆ। ਪ੍ਰਬੰਧਕਾਂ ਅਨੁਸਾਰ ਕੋਵਿਡ ਦੇ ਵੱਖ-ਵੱਖ ਵੇਰੀਐਂਟਾਂ ਦੇ ਅਜੇ ਵੀ ਚੱਲ ਰਹੇ ਪ੍ਰਭਾਵ ਕਾਰਨ ਇਹ ਇਕੱਠ ਭਾਵੇਂ ਉਨ੍ਹਾਂ ਦੀ ਆਸ ਨਾਲੋਂ ਕੁਝ ਘੱਟ ਰਿਹਾ ਪਰ ਫਿਰ ਵੀ ਲੋਕਾਂ ਵਿਚ ਆਮ ਆਦਮੀ ਪਾਰਟੀ ਲਈ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ। ਚੱਲ ਰਹੇ ਪ੍ਰੋਗਰਾਮ ਦੌਰਾਨ ਕਈ ਵਿਅੱਕਤੀ ਕੁਝ ਸਮੇਂ ਲਈ ਆ ਕੇ ਆਪਣੀ ਹਾਜ਼ਰੀ ਲਵਾ ਕੇ ਫਿਰ ਚਲੇ ਵੀ ਗਏ। ਇਸ ਦੌਰਾਨ ਕੋਵਿਡ ਸਬੰਧੀ ਸਰਕਾਰੀ ਹੁਕਮਾਂ ਦੀ ਪੂਰੀ ਪਾਲਣਾ ਕੀਤੀ ਗਈ। ਹਾਲ ਵਿਚ ਲੱਗਭੱਗ ਸਾਰਿਆਂ ਨੇ ਮਾਸਕ ਲਗਾਏ ਹੋਏ ਸਨ ਅਤੇ ਉਹ ਲੋੜੀਂਦੀ ਆਪਸੀ ਦੂਰੀ ਵੀ ਰੱਖ ਰਹੇ ਸਨ। ਉਹ ਪੰਜਾਬ ਦੇ ਲੱਗਭੱਗ ਸਾਰੇ ਹੀ ਜ਼ਿਲਿਆਂ ਨਾਲ ਸਬੰਧਿਤ ਸਨ। ਇਸ ਮੌਕੇ ਸਟੇਜ ‘ਤੇ ਬੋਲਣ ਵਾਲਿਆਂ ਵੱਲੋਂ ਆਪਣੇ ਜ਼ਿਲੇ ਦੇ ਵਿਧਾਨ ਸਭਾ ਦੇ ਉਮੀਦਵਾਰਾਂ ਦੀ ਇਸ ਸਮੇਂ ਚੋਣਾਂ ਵਿਚ ਚੱਲ ਰਹੀ ਤਾਜ਼ਾ ਪੋਜ਼ੀਸ਼ਨ ਅਤੇ ਆਮ ਆਦਮੀ ਪਾਰੀ ਦੇ ਅਗਲੇਰੇ ਪ੍ਰੋਗਰਾਮਾਂ ਤੇ ਪਾਲਸੀਆਂ ਬਾਰੇ ਜਾਣਕਾਰੀ ਸਰੋਤਿਆਂ ਦੇ ਨਾਲ ਸਾਂਝੀ ਕੀਤੀ ਗਈ।



ਆਮ ਬੁਲਾਰਿਆਂ ਦੀ ਆਵਾਜ਼ ਸੀ ਕਿ ਪੰਜਾਬੀ ਪਿਛਲੇ 75 ਸਾਲਾਂ ਤੋਂ ਲੋਕ ਕਾਂਗਰਸ ਅਤੇ ਅਕਾਲੀ ਦਲ ਨੂੰ ਵੋਟਾਂ ਪਾ ਰਹੇ ਹਨ ਅਤੇ ਇਨ੍ਹਾਂ ਦੋਹਾਂ ਪਾਰਟੀਆਂ ਦੇ ਲੀਡਰ ਪੰਜਾਬ ਨੂੰ ਲੁੱਟ ਕੇ ਮਾਲਾ-ਮਾਲ ਹੋ ਗਏ ਹਨ। ਇੱਥੋਂ ਤੱਕ ਕਿ ਇਨ੍ਹਾਂ ਲੀਡਰਾਂ ਦੇ ਦੂਰ ਨੇੜੇ ਦੇ ਰਿਸ਼ਤੇਦਾਰਾਂ ਦੇ ਘਰਾਂ ਵਿੱਚੋਂ ਵੀ ਕਰੋੜਾਂ ਦੇ ਹਿਸਾਬ ਨਾਲ ਕਰੰਸੀ ਨੋਟ ਮਿਲ ਰਹੇ ਹਨ ਜਿਨ੍ਹਾਂ ਨੂੰ ਗਿਣਨ ਲੱਗਿਆਂ ਮਸ਼ੀਨਾਂ ਵੀ ਮੁੜ੍ਹਕੋ-ਮੁੜ੍ਹਕੀ ਹੋ ਰਹੀਆਂ ਹਨ। ਹੁਣ ਸਮਾਂ ਆ ਗਿਆ ਹੈ ਕਿ ਇਸ ਵਾਰ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਕੀਤਾ ਜਾਵੇ ਅਤੇ ਪੰਜਾਬ ਵਿਚ ਇਕ ਇਮਾਨਦਾਰ ਸਰਕਾਰ ਦਾ ਗਠਨ ਕੀਤਾ ਜਾਏ ਜੋ ਤਰੱਕੀ ਦੀਆਂ ਲੀਹਾਂ 'ਤੇ ਚੱਲਦਿਆਂ ਹੋਇਆਂ ਇਸ ਸੂਬੇ ਨੂੰ ਮੁੜ ਖ਼ੁਸ਼ਹਾਲ ਬਣਾਵੇ। ਉਨ੍ਹਾਂ ਕਿਹਾ ਕਿ ਲੱਗਭੱਗ ਸਾਰੀਆਂ ਹੀ ਪਾਰਟੀਆਂ ਵੱਲੋਂ ਕਈ ਮੁਫ਼ਤ ਚੀਜ਼ਾਂ ਦੇਣ ਦੀਆਂ, ਇੱਥੋਂ ਤੱਕ ਕਿ ਲੜਕੀਆਂ ਨੂੰ ਸਕੂਟਰੀਆ ਤੱਕ ਵੀ ਵੰਡਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਜੋ ਮਹਿਜ਼ ਇਕ ਛਲਾਵਾ ਹਨ। ਚਾਰ-ਛੇ ਦਿਨ ਇਹ 'ਹੋ-ਹੱਲਾ' ਮੱਚ ਕੇ ਫਿਰ ਸੱਭ ਕੁਝ ਠੰਡੇ ਬਸਤੇ ਵਿਚ ਪੈ ਜਾਂਦਾ ਹੈ। ਲੋਕਾਂ ਨੂੰ ਇਸ ਛਲਾਵੇ ਵਿਚ ਨਹੀਂ ਆਉਣਾ ਚਾਹੀਦਾ ਅਤੇ ਆਪਣੀਆਂ ਵੋਟਾਂ ਪੂਰੀ ਇਮਾਨਦਾਰੀ ਨਾਲ ਪਾਉਣੀਆਂ ਚਾਹੀਦੀਆਂ ਹਨ।

ਅਖ਼ੀਰ ਵਿਚ ਸਾਰਿਆਂ ਵੱਲੋਂ ਦੇਸ਼-ਭਗਤੀ ਦੀ ਭਾਵਨਾ ਪ੍ਰਗਟਾਉਂਦਿਆਂ ਹੋਇਆਂ ਬੁਲੰਦ ਆਵਾਜ਼ ਵਿਚ "ਹਿੰਦੋਸਤਾਨ ਜ਼ਿੰਦਾਬਾਦ", "ਭਾਰਤ ਮਾਤਾ ਜ਼ਿੰਦਾਬਾਦ", "ਈਮਾਨਦਾਰੀ ਜ਼ਿੰਦਾਬਾਦ" ਅਤੇ "ਆਮ ਆਦਮੀ ਪਾਰਟੀ ਜ਼ਿੰਦਾਬਾਦ" ਦੇ ਨਾਅਰੇ ਲਗਾਏ ਗਏ। ਆਮ ਆਦਮੀ ਪਾਰਟੀ ਦੇ ਸਮੱਰਥਕਾਂ ਦੇ ਇਸ ਇਕੱਠ ਦੀ ਕੱਵਰੇਜ ਕਰਨ ਲਈ ਕਈ ਰੇਡੀਓ ਤੇ ਟੀ.ਵੀ. ਹੋਸਟ ਅਤੇ ਅਖ਼ਬਾਰਾਂ ਦੇ ਨੁਮਾਇੰਦੇ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਅਤੇ ਇਸ ਮੀਟਿੰਗ ਵਿਚ ਸ਼ਾਮਲ ਹੋਏ ਸਾਰੇ ਵਿਅੱਕਤੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਵਿਚ ਸੁਦੀਪ ਸਿੰਗਲਾ, ਗੁਰਦੀਪ ਢਿੱਲੋਂ, ਅਸ਼ੋਕ ਸ਼ਰਮਾ, ਅਜੀਤ ਸਿੰਘ ਵਿਰਕ, ਕੈਪਟਨ ਇਕਬਾਲ ਸਿੰਘ ਵਿਰਕ, ਰਾਣੀ ਕੋਹੇਨੂਰ ਤੇ ਕਈ ਹੋਰ ਸ਼ਾਮਲ ਸਨ। ਉਨ੍ਹਾਂ ਵੱਲੋਂ ਇਸ ਮੌਕੇ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਜਿਸ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਵਿਗੜ ਰਹੇ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਨੁੱਖ ਹੀ ਜ਼ਿੰਮੇਵਾਰ ਹੈ



-ਸੁਰਜੀਤ ਸਿੰਘ ਫਲੋਰਾ-

ਸਾਡੇ ਆਲੇ-ਦੁਆਲੇ ਕੁਦਰਤ ਦੀ ਵਿਗੜ ਰਹੇ ਹਾਲਾਤਾਂ ਲਈ ਮਨੁੱਖ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਜਦੋਂ ਅਸੀਂ ਕੁਦਰਤ ਦੀ ਅਣਦੇਖੀ ਕਰਦੇ ਹਾਂ, ਤਾਂ ਅਸੀਂ ਆਪਣੇ ਗ੍ਰਹਿ ਦੇ ਬਹੁਤ ਸਾਰੇ ਜੀਵਨਾਂ ਲਈ ਖ਼ਤਰਾ ਪੈਦਾ ਕਰਦੇ ਹਾਂ। ਕੁਦਰਤ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਨ ਵਾਲੀਆਂ ਕੁਝ ਆਮ ਮਨੁੱਖੀ ਗਤੀਵਿਧੀਆਂ ਹਨ ਜਿਵੇਂ ਕਿ :

ਉਪਯੋਗੀਕਰਨ - ਇਸ ਮੁਕਾਬਲੇ ਦੇ ਯੁੱਗ ਵਿੱਚ ਜਿੱਥੇ ਹਰ ਦੇਸ਼ ਵਧ ਫੁਲ ਰਿਹਾ ਹੈ, ਅਸੀਂ ਜ਼ਿਆਦਾਤਰ ਉਪਯੋਗੀਕਰਨ 'ਤੇ ਨਿਰਭਰ ਕਰਦੇ ਹਾਂ। ਅਸੀਂ ਵੱਡੀਆਂ ਫੈਕਟਰੀਆਂ ਬਣਾਉਂਦੇ ਹਾਂ ਜੋ ਬਦਲੇ ਵਿੱਚ ਸਾਡੇ ਸੁਭਾਅ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦੇ ਹਨ: -

ਜ਼ਹਿਰੀਲੀਆਂ ਗੈਸਾਂ ਸਿੱਧੇ ਖੁੱਲ੍ਹੇ ਵਾਤਾਵਰਨ ਵਿੱਚ ਛੱਡੀਆਂ ਜਾ ਰਹੀਆਂ ਹਨ, ਹਾਨੀਕਾਰਕ ਠੋਸ ਰਹਿੰਦ-ਖੂੰਹਦ ਨੂੰ ਜ਼ਮੀਨ 'ਤੇ ਛੱਡਿਆ ਜਾਂਦਾ ਹੈ, ਜਲ-ਸਥਾਨਾਂ ਵਿੱਚ ਬਿਨਾਂ ਕਿਸੇ ਪ੍ਰਬੰਧ ਕੀਤੇ ਠੋਸ ਰਹਿੰਦ-ਖੂੰਹਦ ਨੂੰ ਛੱਡਿਆ ਜਾਂਦਾ ਹੈ, ਇਸ ਨਾਲ ਜਲ-ਜੀਵਨ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ ਅਤੇ ਮੱਛੀਆਂ ਅਤੇ ਜਲ-ਪੌਦਿਆਂ ਦੀ ਖਾਤਮੇ ਨਾਲ ਸਮੁੰਦਰੀ ਜੀਵਨ ਨਸ਼ਟ ਹੋ ਰਿਹਾ ਹੈ।

ਵਾਹਨਾਂ ਦੀ ਵਰਤੋਂ - ਅਸੀਂ ਅੱਜਕੱਲ੍ਹ ਈਂਧਨ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਾਂ ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇਹ ਵਾਹਨ ਵੱਡੀ ਮਾਤਰਾ ਵਿੱਚ ਹਾਨੀਕਾਰਕ ਗੈਸਾਂ ਦਾ ਨਿਕਾਸ ਕਰਦੇ ਹਨ ਜਿਸ ਵਿੱਚ ਮੁੱਖ ਤੌਰ 'ਤੇ ਹਾਈਡ੍ਰੋਕਾਰਬਨ, ਕਾਰਬਨ ਮੋਨੋਆਕਸਾਈਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ ਸ਼ਾਮਲ ਹਨ ਜੋ ਪ੍ਰਦੂਸ਼ਣ ਪੈਦਾ ਕਰਦੇ ਹਨ।

ਉਸਾਰੀ - ਭਾਰੀ ਉਸਾਰੀ ਲਈ ਜ਼ਮੀਨ ਦੀ ਲੋੜ ਹੁੰਦੀ ਹੈ ਅਤੇ ਇਸਦੇ ਲਈ ਅਸੀਂ ਕੁਦਰਤੀ ਖੇਤਰਾਂ ਦੀ ਵਰਤੋਂ ਕਰਦੇ ਹਾਂ ਅਤੇ ਉਹਨਾਂ ਨੂੰ ਆਪਣੀ ਲੋੜ ਅਨੁਸਾਰ ਕੱਟ ਵੱਢ ਕੇ ਆਪਣੀ ਸਹੂਲੀਅਤ ਮੁਤਾਬਿਕ ਆਪਣਾ ਵਾਸ ਬਣਾ ਲੈਂਦੇ ਹਾਂ।

ਜੰਗਲਾਂ ਦੀ ਕਟਾਈ - ਅਸੀਂ ਆਪਣੇ ਜੰਗਲਾਂ ਦਾ ਬਹੁਤ ਸਾਰੇ ਕਾਰਨਾਂ ਕਰਕੇ ਸ਼ੋਸ਼ਣ ਕਰਦੇ ਹਾਂ ਜਿਵੇਂ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਜਾਂ ਲੱਕੜ ਦੇ ਉਦਯੋਗ ਵਿੱਚ ਵਰਤੋਂ ਲਈ ਆਪਣੀ ਜਗ੍ਹਾ ਬਣਾਉਣ ਲਈ, ਇਸ ਨਾਲ ਬਹੁਤ ਸਾਰੇ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੇ ਕੁਦਰਤੀ ਨਿਵਾਸ ਸਥਾਨਾਂ ਨੂੰ ਵੀ ਤਬਾਹ ਕਰ ਦਿੰਦੇ ਹਾਂ।

ਪ੍ਰਮਾਣੂ ਪਰੀਖਣ - ਪ੍ਰਮਾਣੂ ਹਥਿਆਰਾਂ ਦੀ ਜਾਂਚ ਸਭ ਤੋਂ ਖ਼ਤਰਨਾਕ ਮਨੁੱਖੀ ਗਤੀਵਿਧੀ ਹੈ ਜੋ ਕੁਦਰਤ ਨੂੰ ਬਹੁਤ ਜ਼ਿਆਦਾ ਵਿਆਪਕ ਪੱਧਰ 'ਤੇ ਤਬਾਹ ਕਰਦੀ ਹੈ। ਇਹ ਟੈਸਟ ਜਾਂ ਤਾਂ ਸਤ੍ਹਾ 'ਤੇ ਜਾਂ ਜ਼ਮੀਨ ਦੇ ਹੇਠਾਂ ਜਾਂ ਕਈ ਵਾਰ ਪਾਣੀ ਦੇ ਹੇਠਾਂ ਕੀਤੇ ਜਾਂਦੇ ਹਨ। ਇਹਨਾਂ ਟੈਸਟਾਂ ਦੇ ਨਤੀਜੇ ਵਜੋਂ ਰੇਡੀਓਐਕਟਿਵ ਪਦਾਰਥ ਸਿਮਦੇ ਹਨ, ਜਿਸਦਾ ਮਨੁੱਖਾਂ, ਜਾਨਵਰਾਂ ਅਤੇ ਸਮੁੱਚੀ ਕੁਦਰਤ ਸਰੋਤਾਂ ਅਤੇ ਸਿਹਤ ਤੇ ਕਈ ਨੁਕਸਾਨਦੇਹ ਪ੍ਰਭਾਵ ਪੈਂਦੇ ਹਨ।

ਮਨੁੱਖ ਭੌਤਿਕ ਵਾਤਾਵਰਣ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦੇ ਹਨ: ਵੱਧ ਆਬਾਦੀ, ਪ੍ਰਦੂਸ਼ਣ, ਜੈਵਿਕ ਇੰਧਨ ਸਾੜਨਾ, ਅਤੇ ਜੰਗਲਾਂ ਦੀ ਕਟਾਈ। ਇਹ ਸਾਰੀਆਂ ਗਤੀਵਿਧੀਆਂ ਮਨੁੱਖ ਦੁਆਰਾ ਕੀਤੀਆਂ ਜਾਂਦੀਆਂ ਹਨ। ਜੋ ਜਲਵਾਯੂ, ਵਾਯੂਮੰਡਲ ਅਤੇ ਸਾਡੇ ਈਕੋਸਿਸਟਮ ਨੂੰ ਪ੍ਰਭਾਵਿਤ ਕਰਦੇ ਹਨ।

ਜੰਗਲਾਂ ਦੀ ਕਟਾਈ ਗ੍ਰੀਨ ਹਾਊਸ ਗੈਸਾਂ ਵਿੱਚ ਵਾਧਾ ਕਰਦੀ ਹੈ। ਪਲਾਸਟਿਕ ਦੀ ਕਾਢ ਈਕੋਸਿਸਟਮ ਅਤੇ ਜਲ-ਜੀਵਨ ਲਈ ਵੱਡੀ ਸਮੱਸਿਆ ਹੈ। ਉਦਯੋਗ ਅਤੇ ਆਵਾਜਾਈ ਵਿੱਚ ਜੈਵਿਕ ਬਾਲਣ ਨੂੰ ਸਾੜ ਕੇ ਨੁਕਸਾਨਦੇਹ ਗ੍ਰੀਨ ਹਾਊਸ ਗੈਸਾਂ ਦਾ ਨਿਕਾਸ ਹੁੰਦਾ ਹੈ ।

ਜਦੋਂ ਮਨੁੱਖ ਵਾਤਾਵਰਣ 'ਤੇ ਕੁਝ ਕਿਰਿਆਵਾਂ ਕਰਦੇ ਹਨ, ਤਾਂ ਉਨ੍ਹਾਂ ਦਾ ਪ੍ਰਭਾਵ ਹੁੰਦਾ ਹੈ. ਇਹ ਪ੍ਰਭਾਵ ਨਕਾਰ-ਾਤਮਕ ਜਾਂ ਸਕਾਰਾਤਮਕ ਹੋ ਸਕਦਾ ਹੈ, ਹਾਲਾਂਕਿ ਬਹੁਤ ਪ੍ਰਭਾਵਸ਼ਾਲੀ ਸ਼ਬਦ "ਪ੍ਰਭਾਵ" ਇਸ ਨੂੰ ਪ੍ਰਗਟ ਕਰਦਾ ਹੈ ਕਿ ਇਹ ਕੁਝ ਨਕਾਰਾਤਮਕ ਹੈ। ਜੇ ਅਸੀਂ ਵਾਤਾਵਰਣ 'ਤੇ ਕੀਤੀ ਗਈ ਕਾਰਵਾਈ ਕੁਝ ਅਜਿਹਾ ਕਰਦੀ ਹੈ ਜੋ ਇਸਦਾ ਲਾਭ ਪਹੁੰਚਾਉਂਦੀ ਹੈ, ਤਾਂ ਇਹ ਸਕਾਰਾਤਮਕ ਹੋਵੇਗੀ। ਜੇ, ਇਸਦੇ ਉਲਟ, ਇਹ ਪ੍ਰਦੂਸ਼ਿਤ ਹੁੰਦਾ ਹੈ, ਇਸ ਨੂੰ ਘਟਾਉਂਦਾ ਹੈ ਅਤੇ ਆਮ ਤੌਰ ਤੇ, ਇਸ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਅਸੀਂ ਕਹਾਂਗੇ ਕਿ ਇਹ ਨਕਾਰਾਤਮਕ ਹੈ।ਇਸ ਤਰ੍ਹਾਂ ਅਸੀਂ ਸਬੰਧਤ ਹਰ ਚੀਜ਼ ਨਾਲ ਨਜਿੱਠਣ ਜਾ ਰਹੇ ਹਾਂ ਜੋ ਵਾਤਾਵਰਣ ਤੇ ਪ੍ਰਭਾਵ ਪਾਉਂਦਾ ਹੈ।

ਜੇ ਤੁਸੀਂ ਇਹ ਸਿੱਖਣਾ ਚਾਹੁੰਦੇ ਹੋ ਕਿ ਵਾਤਾਵਰਣ ਦੇ ਪ੍ਰਭਾਵ ਕੀ ਹਨ ਅਤੇ ਕਿਹੜੇ ਸਕਾਰਾਤਮਕ ਹਨ ਜਾਂ ਨਕਾਰ-ਾਤਮਕ, ਜਿਸ ਵਾਰੇ ਅੱਗੇ ਆਪਾਂ ਗੱਲ ਕਰਦੇ ਹਾਂ।

ਅਸੀਂ ਵਾਤਾਵਰਣ ਦੇ ਪ੍ਰਭਾਵਾਂ ਬਾਰੇ ਦੱਸ ਕੇ ਅਰੰਭ ਕਰਨ ਜਾ ਰਹੇ ਹਾਂ ਜੋ ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਗੰਭੀਰਤਾ ਨਾਲ ਨੁਕਸਾਨ ਪਹੁੰਚਾਉਂਦੇ ਹਨ। ਇੱਥੇ ਅਸੀਂ ਸਿਰਫ਼ ਪੌਦਿਆਂ ਅਤੇ ਜਾਨਵਰਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਗੱਲ ਨਹੀਂ ਕਰ ਰਹੇ, ਪਰ ਇਨ੍ਹਾਂ ਪ੍ਰਭਾਵਾਂ ਦਾ ਮਨੁੱਖਾਂ ਉੱਤੇ ਵੀ ਅਸਰ ਪੈਂਦਾ ਹੈ। ਆਮ ਤੌਰ 'ਤੇ, ਫੈਸਲੇ ਜੋ ਕੀਤੇ ਜਾਂਦੇ ਹਨ ਕੁਦਰਤੀ ਵਾਤਾਵਰਣ ਨੂੰ ਬਚਾਉਣ ਦੀ ਬਜਾਏ ਮਨੁੱਖੀ ਸਿਹਤ ਦੀ ਰਾਖੀ ਲਈ ਵਾਤਾਵਰਣ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨਾ ਵਧੇਰੇ ਹੁੰਦੇ ਹਨ।

ਇਨ੍ਹਾਂ ਪ੍ਰਭਾਵਾਂ ਦੇ ਮੁੱਖ ਨਤੀਜੇ ਆਮ ਤੌਰ ਤੇ ਗ੍ਰਹਿ ਦਾ ਪ੍ਰਦੂਸ਼ਣ ਹੈ, ਅਸੀਂ ਪਾਣੀ, ਮਿੱਟੀ, ਹਵਾ, ਵਾਤਾਵਰਣ ਪ੍ਰਣਾਲੀ ਦਾ ਵਿਨਾਸ਼, ਰਿਹਾਇਸ਼ੀ ਥਾਂਵਾਂ ਦੇ ਟੁੱਟਣ ਆਦਿ ਨੂੰ ਵੇਖ ਸਕਦੇ ਹਾਂ। ਇਹ ਸਭ ਬਿਮਾਰੀਆਂ, ਜੀਵ-ਵਿਵਿਧਤਾ ਦੇ ਨੁਕਸਾਨ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਅਤੇ ਬਨਸਪਤੀ ਅਤੇ ਜੀਵਾਂ ਦੋਵਾਂ ਵਿਚ ਵਾਧੇ ਦਾ ਕਾਰਨ ਬਣਦੇ ਹਨ।

ਸਮੇਂ ਅਤੇ ਇਸ ਦੇ ਪ੍ਰਭਾਵ ਦੇ ਅਨੁਸ-ਾਰ, ਇਨ੍ਹਾਂ ਨਕਾਰਾਤਮਕ ਵਾਤਾਵਰਣ ਪ੍ਰਭਾਵਾਂ ਨੂੰ ਸ਼੍ਰੇਣੀਬੱਧ ਕੀਤਾ ਗਿਆ ਹੈ: ਅਸਥਾਈ ਉਹ ਪ੍ਰਭਾਵ ਹਨ ਜਿਨ੍ਹਾਂ ਦਾ ਥੋੜ੍ਹੇ ਸਮੇਂ ਦਾ ਪ੍ਰਭਾਵ ਹੁੰਦਾ ਹੈ. ਇਨ੍ਹਾਂ ਪ੍ਰਭਾਵਾਂ ਦਾ ਸਾਹਮਣਾ ਕਰਦਿਆਂ, ਮਾਧਿਅਮ ਆਪਣੇ ਆਪ ਠੀਕ ਹੋ ਸਕਦਾ ਹੈ।

ਨਿਰੰਤਰ ਇਸਦੇ ਉਲਟ, ਉਨ੍ਹਾਂ ਦਾ ਸਮੇਂ ਅਤੇ ਸਥਾਨ ਵਿੱਚ ਲੰਮੇ ਸਮੇਂ ਦਾ ਅਤੇ ਸਥਾਈ ਪ੍ਰਭਾਵ ਹੁੰਦਾ ਹੈ, ਉਨ੍ਹਾਂ ਦਾ ਇਲਾਜ ਕਰਨਾ ਵਧੇਰੇ ਮੁਸ਼ਕਲ ਹੁੰਦਾ ਹੈ।

ਅਟੱਲ. ਜਿਵੇਂ ਕਿ ਸ਼ਬਦ ਸੰਕੇਤ ਕਰਦਾ ਹੈ, ਉਨ੍ਹਾਂ ਦੀ ਏਨੀ ਵਿਸ਼ਾਲਤਾ ਹੈ ਕਿ ਉਹ ਵਾਤਾਵਰਣ ਅਤੇ ਇਸ ਵਿਚਲੇ ਜੀਵਨਾਂ 'ਤੇ ਸਥਾਈ ਪ੍ਰਭਾਵ ਪੈਦਾ ਕਰਦੇ ਹਨ।

ਨਕਾਰਾਤਮਕ ਗਤੀਵਿਧੀਆਂ ਜੋ ਵਾਤਾਵਰਣ ਨੂੰ ਪ੍ਰਭਾਵਤ ਕਰਦੀਆਂ ਹਨ ਜਿਵੇਂ ਕਿ ਗੰਦਗੀ, ਇਸ ਦੀਆਂ ਉਦਾਹਰਣਾਂ ਲੈਣ ਲਈ ਕਿ ਕਿਹੜੀਆਂ ਗਤੀਵਿਧੀਆਂ ਇਨ੍ਹਾਂ ਵਾਤਾਵਰਣਿਕ ਪ੍ਰਭਾਵਾਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ, ਅਸੀਂ ਵਿਸ਼ਲੇਸ਼ਣ ਕਰਨ ਜਾ ਰਹੇ ਹਾਂ ਕਿ ਉਹ ਕੀ ਹਨ:



*ਪ੍ਰਦੂਸ਼ਣ*

ਇਹ ਪਦਾਰਥਾਂ ਦੀ ਜਾਣ-ਪਛਾਣ ਹੈ ਜੋ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਿਥੇ ਇਹ ਪੇਸ਼ ਕੀਤਾ ਗਿਆ ਹੈ। ਆਮ ਤੌਰ 'ਤੇ, ਸਾਡੀ ਆਰਥਿਕ ਗਤੀਵਿਧੀਆਂ ਦੇ ਨਾਲ, ਅਸੀਂ ਵਾਤਾਵਰਣ ਵਿੱਚ ਬਹੁਤ ਸਾਰੇ ਡਿਸਚਾਰਜ ਪੈਦਾ ਕਰਦੇ ਹਾਂ।

ਇਹ ਡਿਸਚਾਰਜ ਬਦਲੇ ਵਿੱਚ, ਪਾਣੀ, ਮਿੱਟੀ ਅਤੇ ਹਵਾ ਨੂੰ ਦੂਸ਼ਿਤ ਕਰਨ ਦਾ ਕਾਰਨ ਬਣਦੇ ਹਨ. ਉਦਾਹਰਣ ਵਜੋਂ, ਗੰਦਾ ਪਾਣੀ ਗੰਦਾ ਪਾਣੀ ਦਰਿਆਵਾਂ, ਸਮੁੰਦਰਾਂ ਅਤੇ ਸਮੁੰਦਰਾਂ ਨੂੰ ਪ੍ਰਦੂਸ਼ਿਤ ਕਰਦਾ ਹੈ, ਬਦਲੇ ਵਿੱਚ ਉਨ੍ਹਾਂ ਵਿੱਚ ਰਹਿਣ ਵਾਲੀਆਂ ਪੌਦੇ ਅਤੇ ਜਾਨਵਰਾਂ ਦੀਆਂ ਕਿਸਮਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

*ਜੰਗਲਾਂ ਦੀ ਕਟਾਈ*

ਜੰਗਲਾਂ ਦੀ ਕਟਾਈ ਦੇ ਨਤੀਜੇ ਉਹ ਤੇਜ਼ੀ ਨਾਲ ਵਿਨਾਸ਼ਕਾਰੀ ਵੱਲ ਵੱਧ ਰਹੇ ਹਨ। ਕੁਦਰਤੀ ਅਨਮੋਲ ਦਾਤ ਬਨਸਪਤੀ ਨੂੰ ਹਟਾਉਣਾ ਕੋਈ ਸਕਾਰ-ਾਤਮਕ ਨਹੀਂ ਹੁੰਦਾ। ਜੰਗਲ ਪੌਦਿਆਂ ਅਤੇ ਜੀਵ-ਜੰਤੂਆਂ ਦੀਆਂ ਹਜ਼ਾਰਾਂ ਕਿਸਮਾਂ ਦਾ ਰਹਿਣ ਵਾਲਾ ਘਰ ਹਨ।

ਸਕਾਰਾਤਮਕ ਵਾਤਾਵਰਣ ਪ੍ਰਭਾਵ

ਜਿਵੇਂ ਇਨਸਾਨ ਵਾਤਾਵਰਣ ਨੂੰ ਨਕਾਰ-ਾਤਮਕ ਤੌਰ ਤੇ ਪ੍ਰਭਾਵਿਤ ਕਰ ਸਕਦਾ ਹੈ, ਉਸੇ ਤਰਾਂ ਉਹ ਸਕਾਰਾਤਮਕ ਵੀ ਕਰ ਸਕਦੇ ਹਨ। ਉਹ ਗਤੀਵਿਧੀਆਂ ਜਿਹੜੀਆਂ ਸਕਾਰਾਤਮਕ ਵਾਤਾਵਰਣ ਪ੍ਰਭਾਵ ਪਾਉਂਦੀਆਂ ਹਨ ਉਹ ਹਨ ਜੋ ਵਾਤਾਵਰਣ ਨੂੰ ਲਾਭ ਪਹੁੰਚਾਉਂਦੀਆਂ ਹਨ ਜਾਂ ਜੋ ਪਹਿਲਾਂ ਤੋਂ ਮੌਜੂਦ ਨਕਾਰ-ਾਤਮਕ ਪ੍ਰਭਾਵਾਂ ਨੂੰ ਠੀਕ ਕਰਦੀਆਂ ਹਨ।

ਕੁਸ਼ਲ ਸਿੰਚਾਈ. ਜਿਵੇਂ ਕਿ ਅਸੀਂ ਵੇਖ ਸਕਦੇ ਹਾਂ, ਪਾਣੀ ਦੀ ਬਰਬਾਦੀ ਇਕ ਅਜਿਹੀ ਚੀਜ਼ ਹੈ ਜੋ ਸਾਡੇ ਏਜੰਡੇ ਵਿਚ ਹੈ. ਖੇਤੀਬਾੜੀ ਇੱਕ ਮਨੁੱਖੀ ਗਤੀਵਿਧੀ ਹੈ ਜੋ ਵੱਡੀ ਮਾਤਰਾ ਵਿੱਚ ਪਾਣੀ ਦੀ ਖਪਤ ਕਰਦੀ ਹੈ। ਇਸ ਕਾਰਨ ਕਰਕੇ, ਸਿੰਚਾਈ ਪ੍ਰਣਾਲੀਆਂ ਨੂੰ ਹੋਰ ਵਧੇਰੇ ਵਿਵਸਥਿਤ ਅਤੇ ਕੁਸ਼ਲ ਲੋਕਾਂ ਵਿਚ ਸੋਧ ਕਰਨਾ ਜਿਵੇਂ ਕਿ ਤੁਪਕਾ ਫਸਲਾਂ ਦੀ ਉਤਪਾਦਕਤਾ ਵਿਚ ਸੁਧਾਰ ਲਿਆਉਂਦਾ ਹੈ, ਬਲਕਿ ਵੱਡੀ ਮਾਤਰਾ ਵਿਚ ਪਾਣੀ ਦੀ ਬਚਤ ਵੀ ਕਰਦਾ ਹੈ।

ਸੀਵਰੇਜ ਦਾ ਇਲਾਜ਼. ਜੇ ਅਸੀਂ ਗੰਦੇ ਪਾਣੀ ਦੇ ਨਿਕਾਸ ਤੋਂ ਪਹਿਲਾਂ ਇਸ ਦਾ ਇਲਾਜ ਕਰਦੇ ਹਾਂ, ਤਾਂ ਪ੍ਰਭਾਵ ਘੱਟ ਹੁੰਦੇ ਹਨ. ਜਰਾਸੀਮ ਦੇ ਫੈਲਣ, ਸਰੀਰਕ ਅਤੇ ਰਸਾਇਣਕ ਮਾਪਦੰਡਾਂ ਵਿੱਚ ਤਬਦੀਲੀਆਂ ਨੂੰ ਰੋਕਿਆ ਜਾ ਸਕਦਾ ਹੈ ਜਿਸ ਨਾਲ ਪਾਣੀ ਜਾਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਰੀਸਾਈਕਲਿੰਗ, ਕਿਉਂਕਿ ਅਸੀਂ ਵੱਡੀ ਮਾਤਰਾ ਵਿਚ ਕੂੜੇਦਾਨ ਪੈਦਾ ਕਰਦੇ ਹਾਂ, ਇਸ ਨੂੰ ਉਤਪਾਦਾਂ ਦੇ ਜੀਵਨ ਚੱਕਰ ਵਿਚ ਮੁੜ ਜੋੜਨ ਲਈ ਇਸ ਨੂੰ ਦੁਬਾਰਾ ਸਾਇਕਲ ਕਰਨਾ ਇਸ ਦੇ ਉਤਪਾਦਨ ਵਿਚ ਪ੍ਰਦੂਸ਼ਿਤ ਹੋਣ ਜਾਂ ਇੰਨੇ ਕੱਚੇ ਪਦਾਰਥਾਂ ਨੂੰ ਬਰਬਾਦ ਕਰਨ ਜਾਂ ਬਰਬਾਦ ਕਰਨ ਤੋਂ ਬਚਾਉਣ ਲਈ ਇਕ ਯੋਜਨਾ ਦੀ ਅਤੇ ਸਕਾਰਤਮਿਤ ਸੋਚ ਦੀ ਲੋੜ ਹੈ।

ਜਿਵੇਂ ਕਿ ਤੁਸੀਂ ਵੇਖ ਸਕਦੇ ਹੋ, ਦੋਵੇਂ ਸਕਾਰਾਤਮਕ ਅਤੇ ਨਕਾਰਾਤਮਕ ਵਾਤਾਵਰਣ ਪ੍ਰਭਾਵ ਹਨ। ਸਾਨੂੰ ਆਪਣੇ ਗ੍ਰਹਿ ਨੂੰ ਬਿਹਤਰ ਬਣਾਉਣ ਲਈ ਸਕਾਰਾਤਮਕ ਸੋਚ ਅਤੇ ਯੋਜਨਾਂ ਵਿਚ ਵਾਧਾ ਕਰਨਾ ਹੈ ਹੋਵੇਗਾ ਜਿਸ ਨਾਲ ਅਸੀਂ ਆਪਣਾ ਤੇ ਆਪਣੀ ਅਗਲੀ ਪੀੜ੍ਹੀ ਦਾ ਜੀਵਨ ਬਹੁਤ ਸੁਖਾਲਾਂ ਬਣਾ ਸਕਦੇ ਹਾਂ , ਇਹ ਸਭ ਤਾਂ ਹੋ ਹੋ ਸਕਦਾ ਹੈ , ਜਦ ਅਸੀਂ ਸਭ ਮਿਲ ਕੇ ਇਕ ਸੋਚ ਦੇ ਧਾਰਨੀ ਬਣ ਕੇ ਹਰ ਚੀਜ਼ ਦੀ ਸਹੀ ਸਹੀ ਵਰਤੋਂ ਕਰਾਗੇ।

## ਹਲਕਾ ਫੁਲਕਾ



ਬੰਟੀ (ਧੀਰਜ ਨੂੰ), "ਅਖਬਾਰ ਵਿੱਚ ਕੋਈ ਬੁਰੀ ਖਬਰ ਛਪੀ ਹੈ, ਜੋ ਪੜ੍ਹ ਰਿਹਾ ਏਂ?"
ਧੀਰਜ, "ਨਹੀਂ ਭਰਾ, ਮੈਂ ਤਾਂ ਇਹ ਲੇਖ ਪੜ੍ਹ ਰਿਹਾ ਸੀ, ਜਿਸ ਦਾ ਸਿਰਲੇਖ ਹੈ 'ਰੋਣ ਦੇ ਫਾਇਦੇ'।"

*******

ਮਾਂ, "ਪੁੱਤ, ਸਾਡੇ ਘਰ ਇਹ ਬੱਕਰੀ ਕਿਵੇਂ ਵੜ ਗਈ?"
ਬੇਟਾ, "ਆਪਣੇ ਪੈਰਾਂ ਨਾਲ।"

*******

ਇੱਕ ਸੇਠ ਦੇ ਮੰਜੇ ਵਿੱਚ ਬਹੁਤ ਖਟਮਲ ਹੋ ਗਏ ਤਾਂ ਉਹ ਪ੍ਰੇਸ਼ਾਨ ਹੋ ਗਏ। ਉਨ੍ਹਾਂ ਨੇ ਖਟਮਲ ਮਾਰਨ ਵਾਲੇ ਨੂੰ ਬੁਲਾਇਆ ਅਤੇ ਕਹਿਣ ਲੱਗੇ, "ਤੂੰ ਇਸ ਮੰਜੇ ਦੇ ਸਾਰੇ ਖਟਮਲ ਮਾਰ ਦੇ ਤਾਂ ਮੈਂ ਤੈਨੂੰ 100 ਰੁਪਏ ਦਿਆਂਗਾ।"
ਉਸ ਆਦਮੀ ਨੇ ਥੋੜ੍ਹੀ ਦੇਰ ਵਿੱਚ ਕਿੰਨੇ ਸਾਰੇ ਖਟਮਲ ਮਾਰ ਦਿੱਤੇ ਅਤੇ 100 ਰੁਪਏ ਲੈ ਕੇ ਜਾਣ ਵਾਲਾ ਸੀ ਕਿ ਸੇਠ ਜੀ ਨੇ ਆਵਾਜ਼ ਮਾਰ ਕੇ ਉਸ ਨੂੰ ਵਾਪਸ ਬੁਲਾਇਆ ਅਤੇ ਮੰਜੇ ਵਿੱਚੋਂ ਨਿਕਲਦੇ ਹੋਏ ਕੁਝ ਖਟਮਲ ਦਿਖਾਏ। ਖਟਮਲ ਮਾਰਨ ਵਾਲੇ ਨੇ ਉਨ੍ਹਾਂ ਨੂੰ ਧਿਆਨ ਨਾਲ ਦੇਖਿਆ ਤੇ ਸਹਿਜ ਸੁਭਾਅ ਨਾਲ ਉਤਰ ਦਿੱਤਾ, "ਸੇਠ ਜੀ, ਖਟਮਲ ਤਾਂ ਮੈਂ ਸਾਰੇ ਮਾਰ ਦਿੱਤੇ, ਇਹ ਉਨ੍ਹਾਂ ਦੀਆਂ ਵਿਧਵਾ ਪਤਨੀਆਂ ਹਨ।"

ਅਧਿਆਪਕ (ਵਿਦਿਆਰਥੀ ਨੂੰ), "ਸੁਰ ਅਤੇ ਵਿਅੰਜਨ ਵਿੱਚ ਫਰਕ ਦੱਸੋ?"
ਵਿਦਿਆਰਥੀ, "ਜੀ ਸੁਰ ਮੂੰਹ ਵਿੱਚੋਂ ਨਿਕਲਦੇ ਹਨ ਅਤੇ ਵਿਅੰਜਨ ਮੂੰਹ ਦੇ ਅੰਦਰ ਜਾਂਦੇ ਹਨ।"

*******

ਜੱਜ (ਚੋਰ ਨੂੰ), "ਮੈਨੂੰ ਯਾਦ ਹੈ ਕਿ ਤੂੰ ਪਹਿਲਾਂ ਵੀ ਕਈ ਵਾਰ ਇੱਥੇ ਆ ਚੁੱਕੈਂ। ਇਸ ਵਾਰ ਤੈਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਏਗੀ।"
ਚੋਰ, "ਨਹੀਂ ਸਰਕਾਰ, ਇਹ ਅਨਿਆਂ ਨਾ ਕਰਨਾ। ਪੱਕੇ ਆਉਣ-ਜਾਣ ਵਾਲਿਆਂ ਦੇ ਲਈ ਤਾਂ ਖਾਸ ਰਿਆਇਤ ਹੋਣੀ ਚਾਹੀਦੀ ਹੈ।"


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਸ੍ਰੀ ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਦਿਵਸ ਉਤੇ ਵਿਸ਼ੇਸ਼

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ ਵਿੱਚ ਬੇਸ਼ੱਕ ਕੁੱਝ ਛੁਟੇਰਾ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਆਤਮਾ ਦੇ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਕਾਫੀ ਨੇੜੇ ਹੈ। ਸਿੱਖੀ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਇੱਕ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜ੍ਹਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਇੱਕ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖਸ਼ੀ ਹੈ, ਜੋ ਧਰਮ ਦੇ ਪਿੜ ਵਿਚਲੇ ਕਰਮਕਾਂਡੀ ਵਿਵਹਾਰ ਨੂੰ ਰੱਦ ਕਰਕੇ ਨਿਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿੱਚ ਕੀਤੀ ਹੈ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਲੱਗਦੀ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਤੇ ਆਪ 13-14 ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨ-ਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ੍ਹ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :-

ਸਭਨਾ ਮਨ ਮਾਣਿਕ
ਠਾਹੁਣ ਮੂਲ ਮਚਾਂਗਣਾ॥
ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ।ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ।2000 ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈ. (ਸੰਮਤ 1718) ਦਿਨ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

*-ਰਮੇਸ਼ ਬੱਗਾ ਚੋਹਲਾ*
*ਰਿਸ਼ੀ ਨਗਰ ਐਕਸਟੈਂਸ਼ਨ*
*(ਲੁਧਿਆਣਾ)*
*ਮੋਬ:9463132719*

# ਕੀ ਬਣੇਗਾ 'ਸਿਆਸੀ-ਭਾਫ਼ਾਂ' ਛੱਡਦੀ ਸੀਟ ਅੰਮ੍ਰਿਤਸਰ-ਪੂਰਬੀ ਦਾ ...

ਡਾ. ਸੁਖਦੇਵ ਸਿੰਘ ਝੰਡ
(647-567-9128)

ਪੰਜਾਬ ਵਿਧਾਨ ਸਭਾ ਦੀ ਇਸ ਚੋਣ ਵਿਚ ਅੰਮ੍ਰਿਤਸਰ-ਪੂਰਬੀ ਸੀਟ ਸੱਭ ਤੋਂ ਵੱਧ ਸੇਕ ਮਾਰਨ ਵਾਲੀ ਬਣ ਗਈ ਹੈ। ਹਾਲਾਂਕਿ ਇਸ ਸੀਟ ਤੋਂ ਜਿੱਤਣ ਜਾਂ ਹਾਰਨ ਵਾਲਾ ਕੋਈ ਵੀ ਉਮੀਦਵਾਰ ਮੁੱਖ-ਮੰਤਰੀ ਦਾ ਚਿਹਰਾ ਨਹੀਂ ਹੈ, ਫਿਰ ਵੀ ਇਹ ਸੀਟ ਪੰਜਾਬ ਦੀਆਂ ਸਾਰੀਆਂ ਸੀਟਾਂ ਨਾਲੋਂ ਗਰਮ ਵਿਖਾਈ ਦੇ ਰਹੀ ਹੈ। ਇਸ ਸੀਟ ਤੋਂ ਕਾਂਗਰਸ ਦਾ ਉਮੀਦਵਾਰ ਇਸ ਪਾਰਟੀ ੇਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਹਨ ਜੋ ਪਿਛਲੀ ਵਿਧਾਨ ਸਭਾ ਵਿਚ ਇਸ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਕੁਝ ਸਮਾਂ ਸਥਾਨਕ ਸਰਕਾਰਾਂ ਦੇ ਮੰਤਰੀ ਵੀ ਰਹੇ। ਫਿਰ ਕੈਪਟਨ ਸਾਹਿਬ ਨਾਲ ਕੁਝ ਅਣਬਣ ਹੋ ਜਾਣ ਕਰਕੇ ਜਦੋਂ ਮੁੱਖ-ਮੰਤਰੀ ਨੇ ਉਨ੍ਹਾਂ ਦਾ ਮਹਿਕਮਾ ਬਦਲ ਕੇ ਉਨ੍ਹਾਂ ਨੂੰ ਜਦੋਂ ਬਿਜਲੀ ਵਿਭਾਗ ਦੇਣਾ ਚਾਹਿਆ ਤਾਂ ਉਹ ਇਸ ਨੂੰ ਲੈਣ ਤੋਂ ਸਾਫ਼ ਇਨਕਾਰੀ ਹੋ ਗਏ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਦੀ ਪਾਰਲੀਮੈਂਟਰੀ ਸੀਟ ਉੱਪਰ ਦੋ ਵਾਰ ਲੋਕ ਸਭਾ ਦਾ ਮੈਂਬਰ ਰਹਿ ਚੁੱਕੇ ਹਨ। ਦੂਸਰੇ ਬੰਨੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 'ਮਾਝੇ ਦੇ ਜਰਨੈਲ' ਬਿਕਰਮਜੀਤ ਸਿੰਘ ਮਜੀਠੀਆ ਨੂੰ ਉਨ੍ਹਾਂ ਦੇ ਸਾਹਮਣੇ ਖੜਾ ਕਰ ਦਿੱਤਾ ਹੈ ਜੋ ਇਸ ਹਲਕੇ ਦੇ ਨਾਲ ਲਗਦੇ ਦੂਸਰੇ ਹਲਕੇ ਮਜੀਠੇ ਤੋਂ ਲਗਾਤਾਰ ਤਿੰਨ ਵਾਰ ਜਿੱਤ ਚੁੱਕੇ ਹਨ ਅਤੇ ਇਸ ਤੋਂ ਪਿਛਲੀ ਅਕਾਲੀ-ਦਲ ਦੀ ਸਰਕਾਰ ਵਿਚ 'ਮਾਲ-ਮੰਤਰੀ' ਦਾ ਅਹਿਮ ਅਹੁਦਾ ਵੀ ਮਾਣ ਚੁੱਕੇ ਹਨ।

ਇਸ ਸੀਟ ਤੋਂ ਤੀਸਰੀ ਮੁੱਖ ਉਮੀਦਵਾਰ ਆਮ ਆਦਮੀ ਪਾਰਟੀ ਦੀ ਡਾ. ਜੀਵਨਜੀਤ ਕੌਰ ਨੂੰ ਇਸ ਪਾਰਟੀ ਵੱਲੋਂ ਫ਼ਰੀਦਕੋਟ ਤੋਂ ਲਿਆ ਕੇ ਖੜਾ ਕੀਤਾ ਗਿਆ ਹੈ ਜੋ ਇਸ ਹਲਕੇ ਵਿਚ ਬਿਲਕੁਲ ਨਵੀਂ ਉਮੀਦਵਾਰ ਹੈ। ਕੈਪਟਨ ਸਾਹਿਬ ਇਸ ਸੀਟ ਤੋਂ ਨਵਜੋਤ ਸਿੱਧੂ ਦੇ ਖ਼ਿਲਾਫ਼ ਕੋਈ 'ਤਕੜਾ ਉਮੀਦਵਾਰ' ਖੜਾ ਕਰਨ ਦੀ ਗੱਲ ਕਰ ਰਹੇ ਸਨ ਪਰ ਭਾਰਤੀ ਜਨਤਾ ਪਾਰਟੀ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ ਉਨ੍ਹਾਂ ਦੇ ਸਾਂਝੇ ਗੱਠਜੋੜ ਨੇ ਇਕ ਆਈ.ਏ.ਐੱਸ. ਅਫ਼ਸਰ ਡਾ. ਜਗਮੋਹਨ ਸਿੰਘ ਰਾਜੂ ਨੂੰ ਤਾਮਿਲਨਾਡੂ ਤੋਂ ਉਚੇਚੇ ਤੌਰ 'ਤੇ 'ਸਵੈ-ਇੱਛਤ ਸੇਵਾ-ਮੁਕਤੀ' ਦਿਵਾ ਕੇ ਇਸ ਸੀਟ 'ਤੇ ਖੜਾ ਕੀਤਾ ਹੈ। ਉਹ ਹੁਣ ਕਿੰਨਾ ਕੁ ਤਕੜਾ ਉਮੀਦਵਾਰ ਸਾਬਤ ਹੁੰਦਾ ਹੈ, ਇਸ ਦਾ ਪਤਾ ਤਾਂ 10 ਮਾਰਚ ਨੂੰ ਹੀ ਲੱਗੇਗਾ ਪਰ ਦਲਿਤ ਸ਼੍ਰੇਣੀ ਨਾਲ ਸਬੰਧਿਤ ਹੋਣ ਕਰਕੇ ਉਹ ਇਸ ਵਿਧਾਨ ਸਭਾ ਸੀਟ ਦੇ ਦਲਿਤ ਵੋਟਰਾਂ ਨੂੰ ਪ੍ਰਭਾਵਿਤ ਜ਼ਰੂਰ ਕਰੇਗਾ। ਇਸ 'ਤ੍ਰਿਕੜੀ' ਦਾ ਉਸ ਨੂੰ ਇੱਥੇ ਉਮੀਦਵਾਰ ਬਨਾਉਣ ਦਾ ਮਕਸਦ ਵੀ ਏਹੀ ਹੈ। ਪਹਿਲੀ ਵਾਰ ਚੋਣ-ਮੈਦਾਨ ਵਿਚ ਆਏ 'ਸੰਯੁਕਤ ਸਮਾਜ ਮੋਰਚਾ' ਜੋ ਪਹਿਲੀ ਵਾਰ ਚੋਣ-ਮੈਦਾਨ ਵਿਚ ਨਿੱਤਰਿਆ ਹੈ, ਨੇ ਇਸ ਸੀਟ ਤੋਂ ਸੁਖਜਿੰਦਰ ਸਿੰਘ ਮਹੂ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇਸ ਤਰ੍ਹਾਂ ਇੱਥੇ ਮੁਕਾਬਲਾ ਪੰਜ-ਕੋਣਾਂ ਬਣ ਗਿਆ ਹੈ।

ਮੁੱਖ-ਮੰਤਰੀ ਦੇ ਚਿਹਰਿਆਂ ਵਾਲੀਆਂ ਸੀਟਾਂ ਧੂਰੀ, ਭਦੌੜ ਤੇ ਜਲਾਲਾਬਾਦ ਉੱਪਰ ਲੜਨ ਵਾਲੇ ਉਮੀਦਵਾਰਾਂ ਭਗਵੰਤ ਮਾਨ, ਚਰਨਜੀਤ ਸਿੰਘ ਚੰਨੀ ਅਤੇ ਸੁਖਬੀਰ ਸਿੰਘ ਬਾਦਲ ਦੇ ਵਾਲੰਟੀਅਰਾਂ ਵਿਚ ਓਨਾ ਉਤਸ਼ਾਹ ਅਤੇ ਜੋਸ਼ ਨਹੀਂ ਹੈ ਜਿੰਨਾਂ ਅੰਮ੍ਰਿਤਸਰ-ਪੂਰਬੀ ਦੇ ਉਮੀਦਵਾਰਾਂ ਦੇ ਸਮੱਰਥਕਾਂ ਵਿਚਕਾਰ ਵੇਖਣ ਨੂੰ ਮਿਲ ਰਿਹਾ ਹੈ। ਇਸ ਦਾ ਮੁੱਖ ਕਾਰਨ ਸ਼੍ਰੋਮਣੀ ਅਕਾਲੀ ਦਲ ਜਿਸ ਨੂੰ ਤੀਕ ਆਏ ਸਾਰੇ ਹੀ 'ਪ੍ਰੀ-ਪੋਲ ਚੋਣ-ਸਰਵਿਆਂ' ਵਿਚ ਤੀਸਰੇ ਨੰਬਰ 'ਤੇ ਵਿਖਾਇਆ ਗਿਆ ਹੈ, ਵੱਲੋਂ ਲੋਕਾਂ ਵਿਚ ਆਪਣੀ ਇਸ ਡਿੱਗਦੀ ਹੋਈ ਸਾਖ ਨੂੰ ਬਚਾਉਣ ਲਈ ਪੰਜਾਬੀਆਂ ਦਾ ਧਿਆਨ ਪੰਜਾਬ ਦੇ ਅਸਲੀ ਮੁੱਦਿਆਂ ਤੋਂ ਹਟਾ ਕੇ ਆਪਣੀ ਲੜਾਈ 'ਸਿੱਧੂ ਬਨਾਮ ਮਜੀਠੀਆ' ਉੱਪਰ ਕੇਂਦ੍ਰਿਤ ਕਰਨਾ ਲੱਗਦਾ ਹੈ। ਅਕਾਲੀ-ਦਲ ਦਾ ਮੰਨਣਾ ਹੈ ਕਿ ਜੇਕਰ ਉਹ ਕਿਸੇ ਤਰ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਹਰਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਦਾ ਅਸਰ ਪੰਜਾਬ ਦੀਆਂ ਹੋਰ ਸੀਟਾਂ ਉੱਪਰ ਵੀ ਪਵੇਗਾ। ਪਰ ਇਹ ਉਸ ਦੀ ਧਾਰਨਾ ਹੀ ਹੈ ਅਤੇ ਪਤਾ ਨਹੀਂ ਇਹ ਕਿੰਨੀ ਕੁ ਸਫ਼ਲ ਹੁੰਦੀ ਹੈ।

ਵੇਖਣ ਵਾਲੀ ਗੱਲ ਹੈ ਜੇਕਰ ਨਵਜੋਤ ਸਿੱਧੂ ਇਸ ਸੀਟ ਤੋਂ ਜਿੱਤ ਜਾਂਦੇ ਹਨ ਤਾਂ ਉਸ ਹਾਲਤ ਵਿਚ ਉਨ੍ਹਾਂ ਦੀ ਆਪਣੀ ਪਾਰਟੀ ਵਿਚ 'ਬੱਲੇ-ਬੱਲੇ' ਹੋ ਜਾਏਗੀ ਅਤੇ ਦੂਜੇ ਬੰਨੇ ਬਿਕਰਮਜੀਤ ਮਜੀਠੀਆ ਦੇ ਹਾਰ ਜਾਣ ਦੀ ਸੂਰਤ ਵਿਚ ਉਨ੍ਹਾਂ ਦੇ ਸਿਆਸੀ ਜੀਵਨ ਉੱਪਰ ਇਸ ਦਾ ਕਾਫ਼ੀ ਮਾੜਾ ਪ੍ਰਭਾਵ ਪਵੇਗਾ। ਪਰ ਜੇਕਰ ਸਿੱਧੂ ਇਹ ਚੋਣ ਹਾਰ ਜਾਂਦੇ ਹਨ ਤਾਂ ਇਸ ਨਾਲ ਉਨ੍ਹਾਂ ਦੇ ਸਿਆਸੀ ਵੱਕਾਰ ਨੂੰ ਵੀ ਭਾਰੀ ਸੱਟ ਵੱਜੇਗੀ। ਇਸ ਹਾਲਤ ਇਹ ਵੀ ਹੋ ਸਕਦਾ ਹੈ ਕਿ ਉਹ ਸਿਆਸਤ ਨੂੰ ਸਦਾ ਲਈ ਅਲਵਿਦਾ ਵੀ ਆਖ ਜਾਣ ਅਤੇ 'ਹੱਸਣ-ਹਸਾਉਣ' ਵਾਲੇ ਆਪਣੇ ਪਹਿਲੇ ਪੇਸ਼ੇ ਵੱਲ ਮੁੜ ਜਾਣ ਜਿਹਾ ਕਿ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਦਾ



ਇਸ ਸਬੰਧੀ ਬਿਆਨ ਵੀ ਆਇਆ ਸੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਦੋਹਾਂ ਧਿਰਾਂ ਨੇ ਇਸ ਸੀਟ ਉੱਪਰ ਨੂੰ ਆਪਣੇ 'ਵੱਕਾਰ' ਦਾ ਸੁਆਲ ਬਣਾਇਆ ਹੋਇਆ ਹੈ ਅਤੇ ਉਹ ਇਸ ਸਮੇਂ ਇਕ ਦੂਸਰੇ ਦੇ ਵਿਰੁੱਧ ਧੂੰਆਂਧਾਰ ਪ੍ਰਚਾਰ ਵਿਚ ਰੁੱਝੇ ਹੋਏ ਹਨ ਜਿਸ ਵਿਚ 'ਕੂੜ-ਪ੍ਰਚਾਰ' ਵੀ ਕਾਫ਼ੀ ਹੱਦ ਤੱਕ ਸ਼ਾਮਲ ਹੈ। ਇਸ ਕੂੜ-ਪ੍ਰਚਾਰ ਦਾ ਮਿਆਰ ਇਸ ਹੱਦ ਤੱਕ ਡਿੱਗ ਚੁੱਕਾ ਹੈ ਕਿ ਦੋਵੇਂ ਹੀ ਨੇਤਾ ਇਕ ਦੂਜੇ ਨੂੰ ਬੜੇ ਘਟੀਆ ਸ਼ਬਦਾਂ ਨਾਲ ਸੰਬੋਧਨ ਕਰ ਰਹੇ ਹਨ। ਇਕ ਜਣਾ ਦੂਸਰੇ ਨੂੰ ਜੇਕਰ 'ਠੋਕੋ-ਤਾਲੀ' ਅਤੇ 'ਭੌਂਕੇ' ਵਰਗੇ ਘਟੀਆ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ ਤਾਂ ਦੂਸਰਾ ਉਸ ਨੂੰ 'ਲੰਬੂ', 'ਤਸਕਰ', 'ਚੋਰ' ਤੇ 'ਡਾਕੂ' ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜ ਰਿਹਾ ਹੈ। ਇਸ ਘਟੀਆ ਪ੍ਰਚਾਰ ਦਾ ਪੱਧਰ ਓਦੋਂ ਹੋਰ ਵੀ ਨਿਵਾਣ ਵੱਲ ਚਲੇ ਜਾਂਦਾ ਹੈ ਜਦੋਂ ਉਨ੍ਹਾਂ ਵਿੱਚੋਂ ਇਕ ਚਾਰ ਦਹਾਕੇ ਪਹਿਲਾਂ ਦੂਸਰੇ ਦੇ ਇਸ ਦੁਨੀਆਂ ਤੋਂ ਚਲੀ ਗਈ ਮਾਤਾ ਦੇ ਜ਼ਿਕਰ ਨੂੰ ਵੀ ਆਪਣੇ ਪ੍ਰਚਾਰ ਵਿਚ ਸ਼ਾਮਲ ਕਰ ਲੈਂਦਾ ਹੈ ਅਤੇ ਦੂਸਰਾ ਦੁਨਿਆਵੀ-ਰਿਸ਼ਤਿਆਂ ਵਿਚ ਆਉਂਦੇ ਆਮ ਸ਼ਬਦ 'ਸਾਲੇ' ਨੂੰ 'ਗਾਲ੍ਹ' ਵਾਂਗ ਵਰਤਦਾ ਹੈ। ਮੇਰੀ ਜਾਚੇ ਕੇਵਲ ਇਨ੍ਹਾਂ ਦੋਹਾਂ ਨੂੰ ਹੀ ਨਹੀਂ, ਸਗੋਂ ਹੋਰ ਉਮੀਦਵਾਰਾਂ ਨੂੰ ਵੀ ਅਜਿਹੇ ਨੀਵੇਂ ਪੱਧਰ ਦੇ ਅਸੱਭਿਅਕ ਸ਼ਬਦਾਂ ਨੂੰ ਵਤਰਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਵੱਲੋਂ ਸਹੀ ਸ਼ਬਦਾਵਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਹੀਦਾ ਹੈ।

ਪੰਜਾਬ ਦੀ ਇਸ ਸੱਭ ਤੋਂ 'ਗਰਮ ਸੀਟ' ਦੀ ਗੱਲ ਕਰਦਿਆਂ ਇਕ ਹੋਰ ਅਹਿਮ ਨੁਕਤਾ ਵੇਖਣ ਵਾਲਾ ਹੈ। ਉਹ ਇਹ ਕਿ ਇਸ ਸੀਟ ਤੋਂ ਨਵਜੋਤ ਸਿੱਧੂ ਨੂੰ ਹਰਾਉਣ ਲਈ ਨਾ ਕੇਵਲ ਬਾਦਲ ਅਕਾਲੀ ਦਲ ਦੇ ਬਿਕਰਮਜੀਤ ਮਜੀਠੀਆ, ਆਮ ਆਦਮੀ ਪਾਰਟੀ ਦੀ ਡਾ. ਜੀਵਨਜੋਤ, ਬੀਜੇਪੀ-ਕੈਪਟਨ-ਢੀਂਡਸਾ 'ਤ੍ਰਿਕੜੀ' ਅਤੇ ਸੰਯੁਕਤ ਸਮਾਜ ਮੋਰਚਾ ਹੀ ਅੱਡੀ-ਚੋਟੀ ਦਾ ਜ਼ੋਰ ਨਹੀਂ ਲਗਾ ਰਹੇ, ਸਗੋਂ ਪੰਜਾਬ ਕਾਂਗਰਸ ਪਾਰਟੀ ਦੈ ਕਈ 'ਦਿੱਗਜ ਨੇਤਾ' ਵੀ ਇਸ ਵਿਚ ਆਪਣਾ ਪੂਰਾ 'ਯੋਗਦਾਨ' ਪਾ ਰਹੇ ਹਨ। ਇਨ੍ਹਾਂ ਵਿਚ ਮਾਝੇ ਦੇ ਲੀਡਰ ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁੱਖ ਸਰਕਾਰੀਆ, ਆਦਿ ਦੇ ਨਾਂ ਵਿਸ਼ੇਸ਼ ਕਰਕੇ ਅਤੇ ਮਾਲਵੇ ਤੇ ਦੁਆਬੇ ਦੇ ਕਈ ਹੋਰ ਆਗੂ ਆਮ ਕਰਕੇ ਸ਼ਾਮਲ ਹਨ। ਇਹ ਉਹ ਨੇਤਾ-ਗਣ ਹਨ ਜੋ ਇਹ ਸਮਝਦੇ ਹਨ ਕਿ ਉਹ ਕਾਂਗਰਸ ਵਿਚ ਕਈ ਦਹਾਕਿਆਂ ਤੋਂ ਕੰਮ ਕਰਦੇ ਆ ਰਹੇ ਹਨ ਅਤੇ ਨਵਜੋਤ ਸਿੰਘ ਸਿੱਧੂ ਬੀਜੇਪੀ ਤੋਂ ਪਲਟੀ ਮਾਰ ਕੇ ਐਨੀ ਜਲਦੀ ਪਹਿਲਾਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣ ਗਿਆ ਹੈ ਅਤੇ ਹੁਣ ਮੁੱਖ-ਮੰਤਰੀ ਦਾ 'ਦਾਅਵੇਦਾਰ' ਵੀ ਬਣਦਾ ਫਿਰਦਾ ਹੈ। ਸਿੱਧੂ ਦੀ ਇਸ ਦਾਅਵੇਦਾਰੀ ਨੂੰ ਵਿਰਾਮ ਲਾਉਣ ਵਿਚ ਇਨ੍ਹਾਂ ਨੇਤਾਵਾਂ ਦਾ ਵੀ ਕਾਫ਼ੀ ਹੱਥ ਹੈ।

ਹੁਣ ਕਾਂਗਰਸ ਪਾਰਟੀ ਦੀ 'ਹਾਈ-ਕਮਾਂਡ' ਜੋ ਕੇਵਲ ਨਾਂ ਦੀ ਹੀ 'ਹਾਈ' ਹੈ, ਵੱਲੋਂ ਮੁੱਖ-ਮੰਤਰੀ ਦੇ ਚਿਹਰੇ ਵਜੋਂ ਉਸ ਦਾ ਨਾਂ ਕੱਟ ਕੇ 111 ਦਿਨ ਪੰਜਾਬ ਦਾ ਮੁੱਖ-ਮੰਤਰੀ ਬਣੇ ਚਰਨਜੀਤ ਸਿੰਘ ਚੰਨੀ ਨੂੰ ਇਨ੍ਹਾਂ ਚੋਣਾਂ ਵਿਚ ਮੁੱਖ-ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ ਜਿਸ ਨਾਲ ਨਵਜੋਤ ਸਿੰਘ ਸਿੱਧੂ ਨੂੰ ਕਾਫ਼ੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਉਹ ਇਸ 'ਸਦਮੇ' ਵਿੱਚੋਂ ਅਜੇ ਤੱਕ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕੇ। ਏਸੇ ਕਾਰਨ ਉਹ ਆਪਣੀ ਅੰਮ੍ਰਿਤਸਰ-ਪੂਰਬੀ ਦੀ ਸੀਟ ਉੱਪਰ ਹੀ ਕੇਂਦ੍ਰਿਤ ਹੋ ਗਏ ਹਨ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਹੁੰਦਿਆਂ ਹੋਇਆਂ ਕਿਸੇ ਵੀ ਹੋਰ ਕਾਂਗਰਸੀ ਉਮੀਦਵਾਰ ਦੇ ਹੱਕ ਵਿਚ ਚੋਣ-ਪ੍ਰਚਾਰ ਕਰਨ ਲਈ ਨਹੀਂ ਗਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦਾ ਕਾਰਨ ਉਨ੍ਹਾਂ ਦੀ ਆਪਣੀ ਸੀਟ ਉੱਪਰ ਸਖ਼ਤ ਮੁਕਾਬਲਾ ਵੀ ਹੋ ਸਕਦਾ ਹੈ ਪਰ ਫਿਰ ਵੀ ਪਾਰਟੀ ਪ੍ਰਧਾਨ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਾਰਟੀ ਦੇ ਹੋਰ ਉਮੀਦਵਾਰਾਂ ਦੇ ਚੋਣ-ਹਲਕਿਆਂ ਵਿਚ ਵੀ ਜਾ ਕੇ ਉਨ੍ਹਾਂ ਦੀ ਮਦਦ ਕਰੇ, ਜਿਵੇਂ ਕਿ ਦੂਸਰੀਆਂ ਸਿਆਸੀ ਪਾਰਟੀਆਂ ਦੇ ਪ੍ਰਧਾਨ ਭਗਵੰਤ ਮਾਨ ਅਤੇ ਸੁਖਬੀਰ ਬਾਦਲ ਕਰ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਪਾਰਟੀ-ਪ੍ਰਧਾਨ ਹੁੰਦਿਆਂ ਹੋਇਆਂ ਉਹ ਦੋਵੇਂ ਆਪਣੀਆਂ ਪਾਰਟੀਆਂ ਦੇ ਮੁੱਖ-ਮੰਤਰੀ ਦੇ 'ਚਿਹਰੇ' ਵੀ ਹਨ ਅਤੇ ਆਪਣੀ ਪਾਰਟੀ ਦੀ ਪੋਜ਼ੀਸ਼ਨ ਮਜ਼ਬੂਤ ਕਰਨ ਲਈ ਆਪੋ-ਆਪਣੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਮਦਦ ਕਰ ਰਹੇ ਹਨ ਅਤੇ ਇਨ੍ਹਾਂ ਪਾਰਟੀਆਂ ਦੇ ਕਈ ਹੋਰ ਨੇਤਾ ਉਨ੍ਹਾਂ ਦਾ ਹੱਥ ਵਟਾ ਰਹੇ ਹਨ। ਪਰ ਏਧਰ ਵਿਚਾਰੇ ਚਰਨਜੀਤ ਸਿੰਘ ਚੰਨੀ ਨੂੰ ਇਕੱਲਿਆਂ ਹੀ 'ਪੰਜਾਹਵਿਆ'ਂ ਵਿਚ ਆਈ ਸੁਪਰ-ਹਿੱਟ ਫ਼ਿਲਮ 'ਮਦਰ ਇੰਡੀਆ' ਦੀ ਹੀਰੋਇਨ ਨਰਗਿਸ ਵਾਂਗ 'ਸਿਆਸੀ ਹਲ਼' ਦੇ ਅੱਗੇ ਜੁੱਪਣਾ ਪੈ ਰਿਹਾ ਹੈ, ਕਿਉਂਕਿ ਪੰਜਾਬ ਕਾਂਗਰਸ ਪਾਰਟੀ ਦੇ ਸਾਬਕਾ-ਪ੍ਰਧਾਨ ਅਤੇ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰਾਂ ਦੀ ਚੋਣ ਕਰਨ ਵਾਲੀ ਚੋਣ-ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਵੀ 'ਐਕਟਿਵ ਪੋਲਿਟਿਕਸ' ਤੋਂ ਲਾਂਭੇ ਹੋ ਕੇ ਆਪਣੇ ਘਰ ਆਰਾਮ ਫ਼ਰਮਾਅ ਰਹੇ ਹਨ।

ਇਸ ਦੇ ਨਾਲ ਹੀ ਵਿਚਾਰਨ ਵਾਲੀ ਇਕ ਹੋਰ ਗੱਲ ਵੀ ਹੈ ਕਿ ਮੁੱਖ-ਮੰਤਰੀ ਦੇ ਚਿਹਰੇ ਦੀ ਲੜਾਈ ਦੀ ਖਿੱਚੋਤਾਣ ਕਾਰਨ ਪੰਜਾਬ ਦੀਆਂ ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਹਾਲਤ ਕਾਫ਼ੀ ਪਤਲੀ ਵਿਖਾਈ ਦੇ ਰਹੀ ਹੈ। ਹੁਣ ਤੱਕ ਹੋਏ ਚੋਣ-ਸਰਵਿਆਂ ਵਿਚ ਆਮ ਆਦਮੀ ਪਾਰਟੀ ਨੂੰ ਸੱਭ ਤੋਂ ਅੱਗੇ ਵਿਖਾਇਆ ਗਿਆ ਹੈ ਅਤੇ ਕਾਂਗਰਸ ਪਾਰਟੀ ਦੂਸਰੇ ਨੰਬਰ 'ਤੇ ਹੈ। ਇਨ੍ਹਾਂ ਸਰਵਿਆਂ ਵਿਚ ਅਕਾਲੀ-ਦਲ ਬਾਦਲ ਭਾਵੇਂ ਤੀਸਰੇ ਨੰਬਰ 'ਤੇ ਵਿਖਾਈ ਗਈ ਹੈ ਪਰ ਇਨ੍ਹਾਂ ਦਿਨਾਂ ਵਿਚ ਉਸ ਦੇ ਵੱਲੋਂ ਕੀਤੇ ਜਾ ਰਹੇ ਸਿਰ-ਤੋੜ ਯਤਨਾਂ ਸਦਕਾ ਅਤੇ ਕਾਂਗਰਸ ਪਾਰਟੀ ਦੀ ਆਪਸੀ ਫੁੱਟ ਦੇ ਕਾਰਨ ਉਸ ਦੀ ਜੇਕਰ ਜਿੱਤਣ ਦੀ ਨਹੀਂ ਤਾਂ ਦੂਸਰੇ ਨੰਬਰ 'ਤੇ ਆਉਣ ਦੀ ਸੰਭਾਵਨਾ ਜ਼ਰੂਰ ਬਣਦੀ ਜਾ ਰਹੀ ਹੈ। ਇਸ ਤਰ੍ਹਾਂ ਕਾਂਗਰਸ ਪਾਰਟੀ ਜਿਹੜੀ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ-ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰਨ ਤੋਂ ਬਾਅਦ ਚੋਣ-ਵਿਸ਼ਲੇਸ਼ਕਾਂ ਨੂੰ ਇੰਜ ਜਾਪਦਾ ਸੀ ਕਿ ਸ਼ਾਇਦ ਇਹ ਪਾਰਟੀ ਫਿਰ ਬਾਜ਼ੀ ਮਾਰ ਜਾਵੇਗੀ। ਪਰ ਹੁਣ ਇਹ ਤੀਸਰੇ ਨੰਬਰ 'ਤੇ ਖਿਸਕਦੀ ਵਿਖਾਈ ਦੇ ਰਹੀ ਹੈ ਅਤੇ ਇਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ 30 ਪੰਨਿਆਂ ਦਾ "ਪੰਜਾਬ-ਮਾਡਲ" ਵੀ ਹੁਣ ਬੜੇ ਦੂਰ ਦੀ ਗੱਲ ਹੀ ਜਾਪਦੀ ਹੈ, ਕਿਉਂਕਿ ਕਾਂਗਰਸ ਪਾਰਟੀ ਦੇ ਚੋਣ-ਮੈਨੀਫੈਸਟੋ ਵਿਚ ਇਸ ਨੂੰ ਓਨੀ ਅਹਿਮੀਅਤ ਮਿਲਣ ਦੀ ਆਸ ਨਹੀਂ ਹੈ ਜਿੰਨੀ ਇਸ ਨੂੰ ਨਵਜੋਤ ਸਿੱਧੂ ਦੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਹੋਣ 'ਤੇ ਮਿਲਣੀ ਸੀ। ਹਾਰ-ਹੰਭ ਕੇ ਸਿੱਧੂ ਸਾਹਿਬ ਨੇ ਆਪਣਾ ਇਹ 'ਪੰਜਾਬ-ਮਾਡਲ' ਆਪਣੀ ਵੈੱਬਸਾਈਟ ਉੱਪਰ ਪਾ ਦਿੱਤਾ ਹੈ ਜਿੱਥੋਂ ਕੋਈ ਵੀ ਪਾਰਟੀ ਇਸ ਨੂੰ ਕਾਪੀ ਕਰਕੇ ਇਸ ਵਿਚਲੇ ਕੁਝ ਨੁਕਤੇ ਅਪਨਾਅ ਵੀ ਸਕਦੀ ਹੈ ਜਾਂ ਅਤੇ ਇਨ੍ਹਾਂ ਦੀ ਆਲੋਚਨਾ ਕਰਕੇ ਇਸ ਮਾਡਲ ਦਾ ਧੂੰਆਂ ਵੀ ਕੱਢ ਸਕਦੀ ਹੈ। ਸਿੱਧੂ ਸਾਹਿਬ ਨੇ ਆਪਣੀ ਨਾਰਾਜ਼ਗੀ ਧੂਰੀ ਵਿਚ ਹੋਈ ਕਾਗਰਸ ਪਾਰਟੀ ਦੀ ਰੈਲੀ ਵਿਚ ਸ਼ਾਮਲ ਹੋ ਕੇ ਉੱਥੇ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿਚ ਵੀ ਬੋਲਣ ਤੋਂ ਨਾਂਹ ਕਰਕੇ ਪ੍ਰਗਟ ਕਰ ਦਿੱਤੀ ਹੈ।

ਓਧਰ ਬੀਜੇਪੀ ਵੀ ਇਨ੍ਹਾਂ ਚੋਣਾਂ ਵਿਚ ਆਪਣੀ ਜਿੱਤ ਦੇ ਪੂਰੇ ਦਮਗਜੇ ਮਾਰ ਰਹੀ ਹੈ। ਇਸ ਦੇ ਅੱਗੇ ਆਉਣ ਦੀ ਸੰਭਾਵਨਾ ਭਾਵੇਂ ਕਾਫ਼ੀ ਮੱਧਮ ਲੱਗ ਰਹੀ ਹੈ ਪਰ ਕੇਂਦਰ ਸਰਕਾਰ ਦੇ ਕਈ ਮੰਤਰੀ-ਸੰਤਰੀ, ਗ੍ਰਹਿ-ਮੰਤਰੀ ਅਮਿਤ ਸ਼ਾਹ ਅਤੇ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਆ ਕੇ ਵੱਖ-ਵੱਖ ਰੈਲੀਆਂ ਵਿਚ ਇਸ ਦੀ ਜਿੱਤ ਲਈ ਆਪਣੀ ਪੂਰੀ ਵਾਹ ਲਾ ਰਹੇ ਹਨ। ਉਨ੍ਹਾਂ ਵੱਲੋਂ ਆਪਣੀ ਪਾਰਟੀ ਦੇ 'ਸੰਕਲਪ-ਪੱਤਰ' ਦਾ ਢੰਡੋਰਾ ਪਿੱਟਿਆ ਜਾਰਿਹਾ ਹੈ ਅਤੇਂ ਪੰਜਾਬ ਲਈ ਵਾਅਦਿਆਂ ਦੀ ਖ਼ੂਬ 'ਝੜੀ' ਲਗਾਈ ਜਾ ਰਹੀ ਹੈ। ਦਿੱਲੀ ਵਿਚ ਕਿਸਾਨ ਮੋਰਚਾ 'ਫ਼ਤਿਹ' ਕਰਨ ਤੋਂ ਬਾਅਦ ਪਹਿਲੀ ਵਾਰ ਕਿਸਾਨੀ ਧਿਰ ਵੀ ਸੰਯੁਕਤ ਕਿਸਾਨ ਮੋਰਚੇ ਦੇ ਰੂਪ ਵਿਚ ਚੋਣ-ਮੈਦਾਨ ਵਿਚ ਕੁੱਦੀ ਹੈ। ਉਨ੍ਹਾਂ ਦੀ ਪਾਰਟੀ ਦੀ ਰਜਿਸਟ੍ਰੇਸ਼ਨ ਕਾਫ਼ੀ ਲੇਟ ਹੋਣ ਕਾਰਨ ਅਤੇ ਉਸ ਨੂੰ ਸਾਂਝਾ ਚੋਣ-ਨਿਸ਼ਾਨ ਮਿਲਣ ਵਿਚ ਪਏ 'ਭੰਬਲਭੂਸੇ' ਕਾਰਨ ਉਹ ਚੋਣ-ਪ੍ਰਚਾਰ ਵਿਚ ਭਾਵੇਂ ਕਾਫ਼ੀ ਪੱਛੜੀ ਹੈ ਪਰ ਫਿਰ ਵੀ ਉਸ ਨੂੰ ਆਪਣੇ ਕਈ ਉਮੀਦਵਾਰਾਂ ਦੇ ਜਿੱਤਣ ਦੀ ਪੂਰੀ ਉਮੀਦ ਹੈ। ਇਸ ਵਾਰ ਇਹ ਚੋਣ-ਨਜ਼ਾਰਾ ਪੰਜਾਬ ਦੀਆਂ ਸੀਟਾਂ 'ਤੇ ਚਾਰ ਤੋਂ ਪੰਜ-ਕੋਣਾਂ ਹੋਣ ਕਰਕੇ ਕਾਫ਼ੀ ਦਿਲਚਸਪ ਬਣ ਗਿਆ ਹੈ ਅਤੇ 'ਚੋਣ-ਪੰਡਤਾਂ' ਨੂੰ ਇਸ ਵਿਚ ਕਿਸੇ ਵੀ ਪਾਰਟੀ ਦੀ ਜਿੱਤ ਜਾਂ ਹਾਰ ਦੀ ਭਵਿੱਖਬਾਣੀ ਕਰਨ ਵਿਚ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ।

ਗੱਲ ਅਸੀਂ ਅੰਮ੍ਰਿਤਸਰ ਪੂਰਬੀ ਦੀ ਸੱਭ ਤੋਂ 'ਤੱਤੀ ਸੀਟ' ਦੀ ਕਰ ਰਹੇ ਸੀ ਤੇ ਵਿੱਚੇ ਹੀ ਜ਼ਿਕਰ ਕਾਂਗਰਸ ਦੀ ਪਤਲੀ ਹਾਲਤ ਦਾ ਆ ਗਿਆ। ਚਲੋ! ਉਹ ਕਰਨਾ ਵੀ ਜ਼ਰੂਰੀ ਸੀ, ਕਿਉਂਕਿ ਇਹ ਵੀ ਓਸੇ ਨਾਲ ਜੁੜੀ ਹੋਈ ਹੈ।। ਹੁਣ ਫਿਰ ਪਹਿਲੀ ਗੱਲ ਵੱਲ ਹੀ ਆਉਂਦੇ ਹਾਂ।

ਪੰਜਾਬ ਦੀਆਂ ਹੋਰਨਾਂ ਸੀਟਾਂ ਵਾਂਗ ਇਸ ਸੀਟ ਉੱਪਰ ਵੀ ਜਿੱਤਣ ਵਾਲੇ ਕਿਸੇ ਵੀ ਉਮੀਦਵਾਰ ਬਾਰੇ ਕੋਈ ਅੰਦਾਜ਼ਾ ਲਗਾਉਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੈ, ਕਿਉਂਕਿ ਵੋਟਰ ਆਪਣਾ ਪੱਤਾ ਪੂਰੀ ਤਰ੍ਹਾਂ ਨਹੀਂ ਖੋਲ੍ਹ ਰਹੇ। ਅਲਬੱਤਾ! ਉਹ ਇਸ ਵਾਰ ਹਰੇਕ ਪਾਰਟੀ ਦੇ ਉਮੀਦਵਾਰ ਨੂੰ ਪੰਜਾਬ ਦੇ ਵੱਖ-ਵੱਖ ਮੁੱਦਿਆਂ ਬਾਰੇ ਸੁਆਲ ਬਹੁਤ ਕਰ ਰਹੇ ਹਨ। ਇਸ ਲਈ ਇਸ ਸੀਟ 'ਤੇ ਕਿਸੇ ਉਮੀਦਵਾਰ ਦੀ ਜਿੱਤ ਜਾਂ ਹਾਰ ਦੀ ਗੱਲ ਭਾਵੇਂ ਨਾ ਵੀ ਕੀਤੀ ਜਾਵੇ, ਪਰ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਚੰਨੀ-ਸਿੱਧੂ ਦਾ 'ਮਨ-ਮੁਟਾਅ' ਜੇਕਰ 20 ਫ਼ਰਵਰੀ ਤੱਕ ਵੀ ਇੰਜ ਹੀ ਜਾਰੀ ਰਿਹਾ ਅਤੇ ਕਪੂਰਥਲਾ ਤੋਂ ਵਾਲੇ ਰਾਣਾ ਗੁਰਜੀਤ ਸਿੰਘ ਤੇ ਸੁਖਪਾਲ ਸਿੰਘ ਖਹਿਰਾ, ਜਲੰਧਰ ਤੋਂ ਬਾਵਾ ਹੈਨਰੀ ਤੇ ਆਦਮਪੁਰ ਤੋਂ ਰਾਣਾ ਕੇ.ਪੀ. ਸਿੰਘ ਵਰਗੇ ਲੀਡਰਾਂ ਦੀ ਨਾਰਾਜ਼ਗੀ ਅਤੇ ਆਪਸੀ ਖਿੱਚੋਤਾਣ ਵੀ ਜੇਕਰ ਇੰਜ ਹੀ ਚੱਲਦੀ ਰਹੀ ਤਾਂ ਹੋਰਨਾਂ ਕਈ ਸੀਟਾਂ ਵਾਂਗ ਅੰਮ੍ਰਿਤਸਰ-ਪੂਰਬੀ ਵਾਲੀ ਇਹ ਸੀਟ ਵੀ ਕਾਂਗਰਸ ਦੇ ਲਈ ਜਿੱਤਣੀ ਮੁਸ਼ਕਲ ਹੋਵੇਗੀ। ਪਿਛਲੇ ਦਿਨੀਂ ਲੁਧਿਆਣੇ ਦੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਭਾਵੇਂ ਇਸ ਸੀਟ 'ਤੇ ਆ ਕੇ ਨਵਜੋਤ ਸਿੰਘ ਸਿੱਧੂ ਦੇ ਹੱਕ ਵਿਚ ਇਕ ਦਿਨ ਚੋਣ-ਪ੍ਰਚਾਰ ਕਰ ਗਏ ਹਨ ਅਤੇ ਉਹ ਅੰਮ੍ਰਿਤਸਰ ਦੇ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ, ਸਾਬਕਾ ਮੇਅਰ ਸੁਨੀਲ ਦੱਤੀ ਤੇ ਕਈ ਹੋਰ ਕਾਂਗਰਸੀ ਨੇਤਾਵਾਂ ਨੂੰ ਇਹ ਪ੍ਰਚਾਰ ਕਰਨ ਲਈ ਰਾਜ਼ੀ ਵੀ ਕਰ ਗਏ ਹਨ ਪਰ ਇਸ ਦੇ ਨਾਲ ਹੀ ਇਸ ਪਾਰਟੀ ਦੇ ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੂੰ ਪਾਰਟੀ ਨਾਲੋਂ ਆਪਣਾ 'ਪਰਿਵਾਰ' ਪਿਆਰਾ ਹੈ ਅਤੇ ਉਹ ਆਪਣੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ 'ਬੀਜੇਪੀ ਤ੍ਰਿਕੜੀ' ਦੇ ਲਈ ਚੋਣ-ਪ੍ਰਚਾਰ ਕਰ ਰਹੇ ਹਨ। ਏਸੇ ਪਾਰਟੀ ਦੇ ਇਕ ਹੋਰ ਐੱਮ.ਪੀ. ਜਸਬੀਰ ਸੰਘ ਡਿੰਪਾ (ਖਡੂਰ ਸਾਹਿਬ) ਜਿਨ੍ਹਾਂ ਦੇ ਛੋਟੇ ਭਰਾ ਰਾਜਨ ਗਿੱਲ ਅਕਾਲੀ ਦਲ ਵਿਚ ਕਈ ਦਿਨ ਪਹਿਲਾ ਜਾ ਚੁੱਕੇ ਹਨ, ਵੀ ਹੁਣ ਉਸ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਤਿਆਰੀਆਂ ਕਰ ਕਰ ਜਾਪਦੇ ਹਨ। ਇਨ੍ਹਾਂ ਹਾਲਤਾਂ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਇਨ੍ਹਾਂ ਚੋਣਾਂ ਵਿਚ ਲੋੜੀਂਦੇ ਉਮੀਦਵਾਰਾਂ ਦੀ ਜਿੱਤ ਦੀ ਆਸ ਕਰਨੀ ਮੁਸ਼ਕਲ ਲੱਗਦੀ ਹੈ ਅਤੇ ਇਹ ਖ਼ਦਸ਼ਾ ਹੈ ਕਿ ਪੰਜਾਬ ਦੀਆਂ ਹੋਰ ਬਹੁਤ ਸਾਰੀਆਂ ਸੀਟਾਂ ਵਾਂਗ ਇਹ ਸੀਟ ਵੀ ਕਿਧਰੇ ਇਸ ਰੋੜ੍ਹ ਵਿਚ ਹੀ ਨਾ ਰੁੜ੍ਹ ਜਾਏ। ਇਕ ਖ਼ਤਰਾ ਇਹ ਵੀ ਹੈ ਕਿ ਇਸ ਸੀਟ ਦੇ ਮੁੱਖ-ਵਿਰੋਧੀ ਉਮੀਦਵਾਰਾਂ ਨਵਜੋਤ ਸਿੰਘ ਸਿੱਧੂ ਤੇ ਬਿਕਰਮਜੀਤ ਸਿੰਘ ਮਜੀਠੀਆ ਦੀ ਆਪਣੀ 'ਖਹਿਬਾਜ਼ੀ' ਵਿਚ ਕਿਧਰੇ ਕਿਸੇ ਤੀਸਰੇ ਉਮੀਦਵਾਰ ਦਾ ਦਾਅ ਹੀ ਨਾ ਲੱਗ ਜਾਏ ਅਤੇ ਇਸ ਤਰ੍ਹਾਂ ਕਿਤੇ ਸਕੂਲੀ ਦਿਨਾਂ ਵਿਚ ਪੜ੍ਹੀ ਹੋਈ "ਚਲਾਕ ਲੂੰਮੜੀ" ਵਾਲੀ ਕਹਾਣੀ ਫਿਰ ਸੱਚੀ ਨਾ ਸਾਬਤ ਹੋ ਜਾਏ।

# ਪੰਜਾਬ ਦਾ ਇਨਕਲਾਬੀ ਸਿਤਾਰਾ -ਭਗਵੰਤ ਮਾਨ

-ਬਲਜਿੰਦਰ ਸੇਖਾ ਕਨੇਡਾ-
416-509-6200

ਅੱਜ ਦੁਨੀਆਂ ਦੇ ਕੋਨੇ ਕੋਨੇ ਵਿੱਚ ਪੰਜਾਬ ਵਿਧਾਨ ਸਭਾ ਚੋਣਾ ਦਾ ਜਿਕਰ ਹੈ ।ਚੋਣਾ ਤਾਂ ਪੰਜਾਬ ਪਹਿਲਾਂ ਵੀ ਆਉਦੀਆ ਰਹੀਆ ਹਨ ।ਬੀਤੀਆ ਸਦੀਆਂ ਵਿੱਚ ਜੇ ਦੇਖਣਾ ਹੋਵੇ ਤਾਂ ਹਿੰ-ਦੁਸਤਾਨ ਦੀ ਧਰਤੀ ਤੇ ਨਵੇਂ ਨਵੇਂ ਇਨਕਲਾਬ ਆਉਦੇ ਰਹੇ ਹਨ ।ਪਰ ਪੰਜਾਬੀ ਆਪਣੇ ਮਿਹਨਤੀ ਤੇ ਜੁਝਾਰੂ ਸੁਭਾਅ ਕਰਕੇ ਇਹ ਬਦਲਾਓ ਚਾਹੁੰਦੇ ਹਨ । ਇਹੀ ਕਾਰਨ ਹੈ ਦੁਨੀਆ ਦੇ ਹਰ ਖ਼ਿੱਤੇ ਵਿੱਚ ਇਹਨਾ ਦੀ ਸਰਦਾਰੀ ਹੈ। ਹਿੰਦਸਤਾਨ ਦੀ ਜੰਗ ਏ ਅਜ਼ਾਦੀ ਵਿੱਚ ਪੰਜਾਬੀਆਂ ਨੇ ਮੂਹਰੇ ਹੋ ਕੇ ਕੁਰਬਾਨੀਆ ਦਿੱਤੀਆ ।

ਬੀਤੇ ਸਾਲਾਂ ਤੋਂ ਭਾਰਤ ਵਿੱਚ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਨੇ ਲੋਕਤੰਤਰਿਕ ਤਰੀਕੇ ਨਾਲ ਨਵੇਂ ਇਨ-ਕਲਾਬ ਦਾ ਆਗਾਜ ਸ੍ਰੀ ਅੰਨਾ ਹਜਾਰੇ ਦੀ ਰਹਿਨਮਾਈ ਹੇਠ ਕੀਤਾ ਸੀ ਸਿਰਫ ਚਾਰ ਸਾਲ ਦੇ ਵਿੱਚ ਦਿੱਲੀ ਵਿੱਚ ਤਿੰਨ ਵਾਰ ਸਰਕਾਰ ,ਪੰਜਾਬ ਵਿੱਚੋ ਚਾਰ ਮੈਂਬਰ ਪਾਰਲੀਮੈਂਟ ਤੇ ਪਹਿਲੀ ਵਾਰ ਵਿਧਾਨ ਸ਼ਭਾ ਜਿਤਾ ਕੇ ਭੇਜਣੇ ਦੁਨੀਆ ਦੇ ਇਤਿਹਾਸ ਵਿੱਚ ਰਿਕਾਰਡ ਹੈ ।

ਪੰਜਾਬ ਦੇ ਕਮੇਡੀਅਨ ਤੋਂ ਇਸ ਸਿਆਸਤਦਾਨ ਬਣੇ ਭਗਵੰਤ ਮਾਨ ਨਾਲ ਮੇਰੀ ਮੁਲਾਕਾਤ ਮੇਰੇ ਮਿੱਤਰ ਸਵ.ਰਾਜ ਬਰਾੜ ਦੇ ਜਰੀਏ ਸ੍ਰੀ ਜਰਨੈਲ ਘੁਮਾਣ ਸੀ ਐਮ ਸੀ ਕੰਪਨੀ ਦੇ ਦਫਤਰ/ਘਰ ਆਦਰਸ ਕਲੋਨੀ ਵਾੜੇਵਾਲ ਰੋਡ ਲੁਧਿਆਣੇ ਵਿਖੇ ਸੰਨ ਤਿਰੰਨਵੇ ਦੇ ਸ਼ੁਰੂ ਵਿੱਚ ਹੋਈ ।ਉਸ ਸਮੇਂ ਰਾਜ ਬਰਾੜ ਕਾਮੇਡੀ ਕੈਸਟ "ਛਿੱਤਰੋ ਛਿੱਤਰੀ "ਰਿਕਾਰਡ ਕਰ ਰਿਹਾ ਸੀ ਮੇਰੇ ਪਿੰਡੋਂ ਦੋਸਤ ਸਤਪਾਲ ਸੇਖਾ ਨੇ ਮੇਰੀ ਦੱਸ ਪਾਈ ।ਰਿਕ-ਾਰਡਿੰਗ ਦੌਰਾਨ ਉਸ ਸਮੇ ਇਸ ਘਰ ਵਿੱਚ ਦਾਲ ਫੁਲਕੇ ਦਾ ਲੰਗਰ ਚੱਲਦਾ ਸੀ । ਮੈਨੂੰ ਰਾਜ ਬਰਾੜ ਕੋਲ ਰਹਿਣ ਦਾ ਮੌਕਾ ਮਿਲਦਾ ।ਉਸ ਸਮੇ ਸਤਨਾਮ ਸਿੱਧੂ, ਜੰਟਾ , ਝੰਡੇ , ਬੇਅੰਤ ਰੋਮਾਣੇ ਵਰਗੇ ਦਿਨ ਰਾਤ ਕੰਪਨੀ ਲਈ ਕੰਮ ਕਰਦੇ ਸੀ ।ਉਸ ਸਮੇਂ ਕੰਪਨੀ ਨੇ ਹਰਭਜਨ ਸ਼ੇਰਾ ਤੇ ਕਰਮਜੀਤ ਅਨਮੋਲ ਵਰਗੇ ਕਲਾਕਾਰ ਕੰਪਨੀ ਨੇ ਦਿੱਤੇ ॥ਉਸ ਸਮੇਂ ਸੋਚਿਆ ਵੀ ਨਹੀਂ ਸੀ ਸੰਗਰੂਰ ਦੇ ਪਿੰਡ ਸਤੌਜ ਦਾ ਛੋਟੇ ਕੱਦ ਤੇ ਵੱਡੀ ਸੋਚ ਦਾ ਮਾਲਿਕ ਇਸ ਸਿਖਰ ਤੇ ਪੁੱਜੇਗਾ ।ਜਦ ਭਗਵੰਤ ਮਾਨ ਦੀ ਪਹਿਲੀ ਕੈਸਟ "ਗੋਭੀ ਦੀਏ ਕੱਚੀਏ ਵਾਪਰਨੇ " ਹਿੱਟ ਹੋਈ ਸੀ ਤਾਂ ਰਾਜ ਬਰਾੜ ਨੇ ਦੱਸਿਆ ਸੀ ਉਸਨੂੰ ਗਾਇਕ ਮੁਹੰਮਦ ਸਦੀਕ ਸਾਹਿਬ ਨੇ ਕਿਹਾ ਸੀ "ਭੰਤੇ "ਜੇ ਜ਼ੰਦਗੀ ਵਿੱਚ ਅੱਗੇ ਵਧਣਾ ਹੈ ਤਾਂ ਗੋਭੀ ਗੰਢਿਆਂ ਤੋਂ ਅੱਗੇ ਲੋਕਾਂ ਦੀ ਗੱਲ ਕਰ ।ਉਸ ਤੋਂ ਬਾਅਦ ਕੁਲਫ਼ੀ ਗਰਮਾ ਗਰਮ ,ਮਿੱਠੀਆ ਮਿਰਚਾਂ ਨੇ ਇਸਨੂੰ ਪੂਰਨ ਤੌਰ ਤੇ ਸ਼ਥਾਪਤ ਕਰ ਦਿੱਤਾ ।ਉਸ ਸਮੇਂ ਲੋਕ ਜਲੰਧਰ ਟੀ



ਵੀ ਤੇ ਆਉਣ ਨੂੰ ਤਰਸਦੇ ਸੀ ਪਰ ਇਸ ਨੇ ਸ਼ਥਾਪਤੀ ਤੋਂ ਤਕਰੀਬਨ ਦੋ ਸਾਲ ਬਾਅਦ ਚਰੰਨਵੇ ਦੇ ਨਵੇਂ ਸਾਲ ਤੇ ਟੀ ਵੀ ਰਾਂਹੀ ਲੋਕਾਂ ਦੇ ਰੂਬਰੂ ਹੋਇਆ ਸੀ ,ਇਹ ਉਸ ਸਮੇਂ ਦੂਰਦਰਸਨ ਦੇ ਕੁਰੱਪਟ ਸਿੱਸਟਮ ਖ਼ਿਲਾਫ਼ ਨਿਵੇਕਲਾ ਕਦਮ ਸੀ

ਤਿਰੰਨਵੇ ਤੋਂ ਦੋ ਹਜਾਰ ਸੰਨ ਤੱਕ ਅਸੀਂ ਰਾਜ ਬਰਾੜ , ਭਗਵੰਤ ਤੇ ਜਗਤਾਰ ਜੱਗੀ ਇਕੱਠੇ ਦੇਰ ਰਾਤ ਦੇ ਪ੍ਰੋਗਰਾਮਾਂ ਵਿੱਚ ਕਦੇ ਵੀ ਮਾਨ ਨੂੰ ਸ਼ਰਾਬ ਦਾ ਸ਼ੈਵਨ ਕਰਦੇ ਨਹੀਂ ਦੇਖਿਆ ਸੀ ।

ਇੱਕ ਰਾਤ ਮੋਗੇ ਰਾਮ ਲੀਲਾ ਕਮੇਟੀ ਨੇ ਇਹਨਾ ਨੂੰ ਪ੍ਰੋਗਰਾਮ ਦਾ ਸੱਦਾ ਦਿੱਤਾ ।ਜਗਤਾਰ ਜੱਗੀ ਮੇਰੇ ਕੋਲ ਮੋਗੇ ਆ ਗਿਆ ।ਭਗਵੰਤ ਦੀ ਕਾਰ ਰਸਤੇ ਵਿੱਚ ਖ਼ਰਾਬ ਹੋ ਗਈ ।ਇਹਨਾ ਦਾ ਪੌਗਰਾਮ ਬੁੱਕ ਕਰਾਉਣ ਵਾਲੇ ਉੱਘੇ ਲੇਖਕ ਕੇ ਐਲ ਗਰਗ ਪਰੇਸ਼ਾਨ ਹੋਈ ਜਾਣ ਉਸ ਸਮੇਂ ਸ਼ੈੱਲ ਫ਼ੋਨ ਵੀ ਨਹੀਂ ਸਨ ।ਜਦ ਥੋੜ੍ਹੀ ਦੇਰ ਨਾਲ ਭਗਵੰਤ ਮਾਨ ਮੋਗੇ ਦੀ ਦਾਣਾ ਮੰਡੀ ਵਿੱਚ ਆਇਆ ਲੋਕਾਂ ਨੇ ਹੱਥਾਂ ਤੇ ਚੱਕ ਲਿਆ । ਪ੍ਰੋਗਰਾਮ ਬਾਅਦ ਮੈਂ ਭਗਵੰਤ ਮਾਨ ਨੂੰ ਦੱਸਿਆ ਕਿ ਗਰਗ ਜੀ ਤੁਹਾਡੇ ਦੇਰੀ ਕਾਰਨ ਨਾਰਾਜ਼ ਹਨ ।ਇਸ ਨੇ ਉਹਨਾ ਨੂੰ ਨਾਲ ਬਿਠਾ ਕੇ ਸ੍ਰੀ ਕੇ ਲੇ ਗਰਗ ਦੇ ਘਰ ਨੌਂ ਨੰਬਰ ਗਲੀ ਵਾਲੇ ਵੱਲ ਗੱਡੀ ਮੋੜ ਲਈ ।ਉਸ ਰਾਤ ਅਸੀਂ ਗਰਗ ਸਾਹਿਬ ਦੇ ਘਰ ਲਾਇਬਰੇਰੀ ਵਿੱਚ ਇੱਕੋ ਬੈੱਡ ਤੇ ਭਗਵੰਤ , ਜੱਗੀ ਤੇ ਮੈਂ ਸਾਰੀ ਰਾਤ ਕੱਟੀ ਇਸਨੇ ਗੱਲ ਥੱਲੇ ਨਾਂ ਡਿੱਗਣ ਨਾਂ ਦਿੱਤੀ ਤੇ ਗਰਗ ਸਾਹਿਬ ਦਾ ਗੁੱਸਾ ਕੋਹਾਂ ਦੂਰ ।ਸਵੇਰੇ ਮੇਰੇ ਕਜਨ ਫਰਮਾਹ ਵਾਲੇ ਮਨਜੀਤ ਦੇ ਘਰ ਬਰੈਕਫਾਸਟ ਕਰਦਾ ਨਵਨੀਤ , ਗੁਰਤੇਜ ਨੂੰ ਹਸਾਉਦਾ ਰਿਹਾ ।ਸਾਰੇ ਕਹਿਣ ਇਹ ਮਿੱਟੀ ਨਾਲ ਜੁੜਿਆ ਇਨਸਾਨ ਹੈ ।

ਇਸਦੇ ਗਲੇ ਦਾ ਉਪਰੇਸਨ ਹੋਇਆ ਹੋਣ ਕਰਕੇ ਸਾਰੇ ਮਾਖੌਲ ਕਰਦੇ ",ਮਾਨ ਤੇਰੇ ਗੱਲ ਵਿੱਚ ਟੇਪ ਰਿਕਾਰਡ ਡਾਕਟਰ ਨੇ ਫਿੱਟ ਕਰ ਦਿੱਤੀ ਤਾਂ ਹੀ ਬੋਲਦਾ ਥੱਕਦਾ ਨਹੀ।ਇਸਦੀ ਸਿੱਖਣ ਦੀ ਚਾਹਣਾ ਮੁੱਢ ਤੋਂ ਰਹੀ ਹੈ ਕਾਮੇਡੀ ਨੂੰ ਸਿਖਰ ਲਿਜਾਣ ਵਾਲੇ ਮਾਨ ਦੇ ਸਿਆਸਤ ਵਿੱਚ ਵੀ ਨਵੇਕਲੀਆ ਪੈੜਾਂ ਗੱਢਣ ਬਾਰੇ ਕਦੇ ਸੋਚਿਆ ਵੀ ਨਹੀਂ ਸੀ ।

ਅਸੀ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਸਾਰੇ ਹੁਣ ਪੰਜਾਬ ਚੋਣਾ ਵਿੱਚ ਹਰ ਰੋਜ਼ ਦਸ ਦਸ ਰੈਲ਼ੀਆਂ ਦੀ ਭੀੜ ਨੂੰ ਸੰਬੋਧਨ ਕਰਦੇ ਹੋਏ ਦੇਖਦੇ ਹਾਂ ਭਗਵੰਤ ਹਜ਼ਾਰਾਂ ਲੋਕਾਂ ਨੂੰ ਮਿਲਦਾ ਕਦੇ ਥੱਕਦਾ ਨਹੀਂ ।ਵਿਰੋਧੀ ਪਾਰਟੀਆ ਤੇ ਮੀਡੀਆ ਤੇ ਲੋਕ ਵੀ ਮੰਨਦੇ ਹਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਿਥਾਪਤੀ ਵਿੱਚ ਭਗਵੰਤ ਮਾਨ ਦੀ ਦਿਨ ਰਾਤ ਮਿਹਨਤ ਦਾ ਨਤੀਜਾ ਹੈ ।

ਬਤੌਰ ਕਾਮੇਡੀਅਨ ,ਐਕਟਰ , ਮੈਂਬਰ ਪਾਰਲੀਮੈਂਟ , ਵਰਕਰ ਇਸਨੇ ਸਿਖਰਾਂ ਨੂੰ ਛੋਹਿਆ ਹੈ ।

ਜੇ ਇਹ ਪੰਜਾਬ ਦੀਆ ਚੌਣਾ ਜਿੱਤ ਜਾਂਦੇ ਹਨ ਤਾਂ ਮੈਂ ਸੋਚ ਰਿਹਾ ਇਸ ਦੀ ਅਗਲੀ ਮੰਜਿਲ ਕੀ ਹੋਵੇਗੀ।ਜਿਸ ਤਰਾਂ ਦੁਨੀਆਂ ਭਰ ਵਿੱਚੋਂ ਇਸਨੂ ਪਿਆਰ ਮਿਲਿਆ । ਉਸ ਤਰਾਂ ਇਸਨੂੰ ਪੰਜਾਬ , ਪਰੀਵਾਰ , ਦੇਸ਼ ਪਿਆਰ ਨਾਲ ਲੈ ਕੇ ਚੱਲਣਾ ਹੋਵੇਗਾ ਕਿਉਕਿ ਸਭਨੇ ਇਸਤੇ ਤੇ ਆਪ ਪਾਰਟੀ ਤੇ ਦਿਲੋ ਵਿਸਵਾਸ ਕੀਤਾ ਹੈ।ਸਾਰਾ ਪੰਜਾਬ ਤੇ ਆਪ ਦੇ ਵਾਲੰਟੀਅਰ ਤੇ ਨੇਤਾ ਇਸਨਾਲ ਹਨ ।ਉਡੀਕ ਹੈ ਸਿਰਫ ਵੀਹ ਫ਼ਰਵਰੀ ਤੇ ਦਸ ਮਾਰਚ ਦੀ ! ਉਮਦਾ

## ਮਿਨੀ ਕਹਾਣੀ

### ਵਿਹਲੜ ਸਿਆਣਾ

-ਸ਼ਾਮ ਲਾਲ ਕੈਂਥ

ਮੈਂ ਛੋਟੇ ਜਿਹੇ ਕਸਬੇ ਵਿੱਚ ਨੌਕਰੀ ਕਰਦਾ ਸੀ। ਇਸ ਕਸਬੇ ਵਿੱਚ ਇੱਕ ਛੋਟਾ ਜਿਹਾ ਟੁੱਟਾ ਭੱਜਾ ਬਸ ਸਟਾਫ ਸੀ, ਜੋ ਕਿ ਹਮੇਸ਼ਾ ਗੰਦਗੀ ਨਾਲ ਭਰਿਆ ਰਹਿੰਦਾ ਸੀ। ਲੋਕੀਂ ਅਕਸਰ ਉਥੇ ਕੂੜਾ ਸੁੱਟ ਦਿੰਦੇ ਸਨ, ਜਿਸ ਕਰ ਕੇ ਆਲੇ ਦੁਆਲੇ ਕੂੜੇ ਦੇ ਢੇਰ ਲੱਗੇ ਰਹਿੰਦੇ ਸਨ। ਕਈ ਵਾਰ ਮੋਹਤਬਰ ਵਿਅਕਤੀਆਂ ਨੇ ਲੋਕਾਂ ਨੂੰ ਸਮਝਾਇਆ ਕਿ ਇੱਥੇ ਕੂੜਾ ਨਾ ਸੁੱਟਿਆ ਜਾਵੇ, ਪਰ ਲੋਕਾਂ ਤੇ ਅਸਰ ਨਾ ਹੋਇਆ। ਬਦਬੂ ਕਾਰਨ ਲੋਕਾਂ ਦਾ ਉਥੇ ਖੜ੍ਹਨਾ ਮੁਸ਼ਕਲ ਹੋ ਗਿਆ ਸੀ। ਪੰਚਾਇਤ ਨੇ ਕਈ ਵਾਰ ਸਫਾਈ ਕਰਵਾਈ ਅਤੇ ਕੂੜਾ ਨਾ ਸੁੱਟਣ ਦੇ ਬੋਰਡ ਵੀ ਲਗਾਏ, ਪਰ ਇਸ ਦਾ ਵੀ ਲੋਕਾਂ ਦੀ ਸਿਹਤ ਉੱਤੇ ਕੋਈ ਨਾ ਹੋਇਆ। ਸਭ ਲਈ ਇਹ ਇੱਕ ਸਮੱਸਿਆ ਬਣ ਗਈ ਸੀ।

ਲੋਕ ਇਸ ਦਾ ਹੱਲ ਲੱਭ ਰਹੇ ਸਨ ਕਿ ਇੱਕ ਦਿਨ ਦੇਖਿਆ ਕਿ ਇਲਾਕੇ ਦਾ ਇੱਕ ਵਿਹਲੜ ਜਿਹਾ ਬੰਦਾ ਜਦੋ ਕਿ ਅਕਸਰ ਇਧਰ-ਓਧਰ ਘੁੰਮਦਾ ਰਹਿੰਦਾ ਸੀ, ਪਰ ਗੱਲਾਂ ਬਹੁਤ ਸਿਆਣੀਆਂ ਕਰਦਾ ਸੀ, ਉਸ ਜਗ੍ਹਾ ਦੀ ਸਫਾਈ ਕਰ ਰਿਹਾ ਸੀ। ਦੂਸਰੇ ਦਿਨ ਉਸ ਨੇ ਉਥੇ ਚਾਰ ਕੁ ਇੱਟਾਂ ਲਾ ਕੇ ਇੱਕ ਸਮਾਧ ਜਿਹੀ ਬਣਾ ਲਈ ਅਤੇ ਇੱਕ ਰੰਗਦਾਰ ਝੰਡਾ ਵੀ ਗੱਡ ਲਿਆ। ਉਸ ਨੇ ਉਥੇ ਸਵੇਰ-ਸ਼ਾਮ ਧੂਫਬੱਤੀ ਵੀ ਕਰਨੀ ਸ਼ੁਰੂ ਦਿੱਤੀ।

ਹੌਲੀ ਹੌਲੀ ਲੋਕਾਂ ਨੇ ਉਸ ਥਾਂ ਉੱਤੇ ਕੂੜਾ ਸੁੱਟਣਾ ਬੰਦ ਕਰ ਦਿੱਤਾ। ਕਈ ਆਸਤਿਕ ਲੋਕ ਉਥੇ ਸਫਾਈ ਕਰਨ ਲੱਗ ਪਏ ਅਤੇ ਕਈਆਂ ਨੇ ਉਥੇ ਬੂਟੇ ਲਾ ਦਿੱਤੇ। ਬੂਟੇ ਲੱਗੇ ਦੇਖ ਕੇ ਇੱਕ ਦਾਨੀ ਵਿਅਕਤੀ ਨੇ ਉਥੇ ਨਲਕਾ ਲਗਵਾ ਦਿੱਤਾ। ਕੁਝ ਹੋਰ ਦਾਨੀ ਲੋਕਾਂ ਨੇ ਉਸ ਟੁੱਟੀ ਹੋਈ ਬਿਲਡਿੰਗ ਦੀ ਰਿਪੇਅਰ ਕਰਵਾ ਦਿੱਤੀ ਅਤੇ ਰੰਗ ਰੋਗਨ ਵੀ ਕਰਵਾ ਦਿੱਤਾ। ਇਹ ਗੰਦਾ ਬਸ ਸਟਾਪ ਇੱਕ ਸੁੰਦਰ ਜਗ੍ਹਾ ਵਿਚ ਤਬਦੀਲ ਹੋ ਚੁੱਕਾ ਸੀ। ਇੱਕ ਦਿਨ ਵਿਹਲੜ ਬੰਦਾ ਰਾਤੋਂ-ਰਾਤ ਸਮਾਧ ਅਤੇ ਝੰਡਾ ਪੁੱਟ ਕੇ ਉਥੋਂ ਗਾਇਬ ਹੋ ਗਿਆ। ਸਭ ਲੋਕੀ ਉਸ ਨੂੰ ਲੱਭ ਰਹੇ ਸਨ, ਉਸ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਰਹੇ ਸਨ ਅਤੇ ਸਭ ਉਸ ਦੀ ਤਰਕੀਬ ਤੋਂ ਹੈਰਾਨ ਸਨ।

## ਸਾਈਬਰ ਠੱਗਾਂ ਨੇ ਦੋ ਵਾਰੀਆਂ ਵਿੱਚ 89 ਹਜ਼ਾਰ ਰੁਪਏ ਕਢਾ ਲਏ

ਜਲੰਧਰ, 14 ਫਰਵਰੀ (ਪੋਸਟ ਬਿਊਰੋ)- ਰਾਮਾਮੰਡੀ ਦੇ ਅਮਰੀਕ ਨਗਰ ਵਿੱਚ ਇੱਕ 28 ਸਾਲਾ ਲੜਕੀ ਦੇ ਕ੍ਰੈਡਿਟ ਕਾਰਡ ਤੋਂ 89 ਹਜ਼ਾਰ ਰੁਪਏ ਸਾਇਬਰ ਠੱਗਾਂ ਨੇ ਗੱਲਾਂ ਵਿੱਚ ਲਾ ਕੇ ਕਢਾ ਲਏ। ਪੀੜਤਾ ਚਾਂਦਨੀ ਨੇ ਦੋ ਹਫਤੇ ਪਹਿਲਾਂ ਨਵਾਂ ਕ੍ਰੈਡਿਟ ਕਾਰਡ ਬਣਵਾਇਆ ਸੀ, ਜਿਸ ਦੀ ਲਿਮਟ ਨੱਬੇ ਹਜ਼ਾਰ ਰੁਪਏ ਸੀ। ਚਾਂਦਨੀ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਹ ਆਪਣੇ ਘਰ ਸੀ। ਕਰੀਬ 10.20 ਉੱਤੇ ਕਾਲ ਆਈ। ਕਾਲਰ ਨੇ ਕਿਹਾ ਕਿ ਉਹ ਇੰਡਸਇੰਡ ਬੈਂਕ ਤੋਂ ਬੋਲ ਰਿਹਾ ਹੈ। ਉਸ ਦਾ ਨਾਂਅ ਪੁੱਛਿਆ ਤਾਂ ਉਸ ਨੇ ਕਿਹਾ ਕਿ ਬੈਂਕ ਵੱਲੋਂ ਨਾਂਅ ਡਿਸਕਲੋਜ ਨਾ ਕਰਨ ਨੂੰ ਕਿਹਾ ਜਾਂਦਾ ਹੈ। ਦੋਸ਼ੀ ਕੋਲ ਉਸ ਦੇ ਅਕਾਊਂਟ ਦੀ ਸਾਰੀ ਡਿਟੇਲ ਸੀ। ਉਸ ਨੇ ਉਸ ਦੇ ਪਤੀ ਤੇ ਉਸ ਦੇ ਅਕਾਊਂਟ ਦੀ ਡਿਟੇਲ ਦਿੱਤੀ ਅਤੇ ਗੱਲਾਂ ਵਿੱਚ ਲਾ ਕੇ ਪਿਨ ਚੇਂਜ ਕਰਨ ਨੂੰ ਕਿਹਾ ਅਤੇ ਓ ਟੀ ਪੀ ਪੁੱਛਿਆ। ਜਦ ਉਸ ਨੇ ਓ ਟੀ ਪੀ ਦੱਸਿਆ ਤਾਂ ਪਹਿਲੀ ਟ੍ਰਾਂਜੈਕਸ਼ਨ ਵਿੱਚ 70,700 ਤਾਂ ਦੂਸਰੀ ਵਿੱਚ 19000 ਰੁਪਏ ਖਾਤੇ ਵਿੱਚੋਂ ਨਿਕਲ ਗਏ। ਟ੍ਰਾਂਜੈਕਸ਼ਨ ਹੁੰਦੇ ਹੀ ਦੋਸ਼ੀ ਨੇ ਫੋਨ ਕੱਟ ਦਿੱਤਾ ਸੀ।

# ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਲਈ ਆਪਣਾ ਏਜੰਡਾ ਪੇਸ਼ ਕੀਤਾ, ਸਿੱਖਿਆ, ਸਿਹਤ, ਰੋਜ਼ੀ ਰੋਟੀ ਅਤੇ ਪੱਕੀ ਛੱਤ ਦਾ ਪ੍ਰਬੰਧ ਕਰੇਗੀ ਸਰਕਾਰ

### * ਕਿਹਾ, ਚੋਣ ਲੜ ਰਿਹਾ 'ਆਪ' ਦਾ ਹਰ ਦੂਜਾ ਉਮੀਦਵਾਰ ਵਿਰੋਧੀ ਪਾਰਟੀਆਂ ਤੋਂ: ਚੰਨੀ

ਚੰਡੀਗੜ੍ਹ, 14 ਫਰਵਰੀ (ਗਿਆਨ ਸਿੰਘ)- ਪੰਜਾਬ ਦੇ ਮੁੱਖ ਮੰਤਰੀ ਅਤੇ ਕਾਂਗਰਸ ਵੱਲੋਂ ਸੂਬੇ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਪਾਰਟੀ ਦੀ ਸਰਕਾਰ ਦੇ ਏਜੰਡੇ ਦਾ ਖੁਲਾਸਾ ਕਰਦਿਆਂ ਮੁਫਤ ਸਿੱਖਿਆ, ਸਿਹਤ, ਰੋਜ਼ੀ ਰੋਟੀ ਅਤੇ ਪੱਕੀ ਛੱਤ ਨੂੰ ਸਭ ਤੋਂ ਅਹਿਮ ਦੱਸਿਆ ਹੈ। ਇਸ ਦੌਰਾਨ ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਅਤੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਨੂੰ ਲੈ ਕੇ ਵੀ ਨਿਸ਼ਾਨਾ ਸਾਧਿਆ।

ਮੁੱਖ ਮੰਤਰੀ ਚੰਨੀ ਚੰਡੀਗੜ੍ਹ ਸਥਿਤ ਪੰਜਾਬ ਕਾਂਗਰਸ ਦੇ ਮੁੱਖ ਦਫਤਰ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਪਾਰਟੀ ਦੇ ਰਾਸ਼ਟਰੀ ਬੁਲਾਰੇ ਅਤੇ ਚੋਣ ਮੀਡੀਆ ਇੰਚਾਰਜ ਪਵਨ ਖੇੜਾ ਅਤੇ ਹਿਮਾਚਲ ਕਾਂਗਰਸ ਦੇ ਇੰਚਾਰਜ ਰਾਜੀਵ ਸ਼ੁਕਲਾ ਵੀ ਮੌਜੂਦ



ਸਨ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਗਰੀਬੀ ਦਾ ਸਮਾਂ ਦੇਖਿਆ ਹੈ ਅਤੇ ਉਹ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਜਾਣਦੇ ਹਨ। ਜਿਸ ਲਈ ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸਿੱਖਿਆ, ਸਿਹਤ, ਰੋਜ਼ੀ-ਰੋਟੀ ਅਤੇ ਹਰ ਲੋੜਵੰਦ ਦੇ ਸਿਰ 'ਤੇ ਪੱਕੀ ਛੱਤ ਦਾ ਹੋਣਾ ਸਭ ਤੋਂ ਜ਼ਰੂਰੀ ਹੈ। ਚੰਨੀ ਨੇ ਕਿਹਾ ਕਿ ਸਿੱਖਿਆ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਮੈਂ ਕਿਸੇ ਵੀ ਗਰੀਬ ਪ੍ਰਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ।

ਸਰਕਾਰ ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਮੁਫਤ ਸਿੱਖਿਆ ਪ੍ਰਦਾਨ ਕਰੇਗੀ। ਐਸ.ਸੀ ਵਜ਼ੀਫ਼ਾ, ਪ੍ਰਾਈਵੇਟ ਵਿੱਦਿਅਕ ਅਦਾਰਿਆਂ ਲਈ ਬੀ.ਸੀ ਸਕਾਲਰਸ਼ਿਪ ਅਤੇ ਜਨਰਲ ਵਰਗ ਦੇ ਬੱਚਿਆਂ ਲਈ ਈਡਬਲਿਊਐਸ ਸਕਾਲਰਸ਼ਿਪ ਦਿੱਤੀ ਜਾਵੇਗੀ।

ਇਸੇ ਤਰ੍ਹਾਂ ਸਰਕਾਰ ਵੱਲੋਂ ਨੌਜਵਾਨਾਂ ਦੇ ਹੁਨਰ ਵਿਕਾਸ 'ਤੇ ਜ਼ੋਰ ਦੇਣ ਦੇ ਨਾਲ ਪੇਸ਼ੇਵਰ ਪੜ੍ਹਾਈ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਖੁਲਾਸਾ ਕੀਤਾ ਕਿ ਸ੍ਰੀ ਚਮਕੌਰ ਸਾਹਿਬ ਵਿੱਚ 500 ਕਰੋੜ ਰੁਪਏ ਦੀ ਲਾਗਤ ਨਾਲ ਯੂਨੀਵਰਸਿਟੀ ਬਣਾਈ ਜਾ ਰਹੀ ਹੈ। ਇਸ ਦੇ ਵਿਦੇਸ਼ੀ ਯੂਨੀਵਰਸਿਟੀਆਂ ਨਾਲ ਵੀ ਸਮਝੌਤੇ ਹੋਣਗੇ।

ਆਪਣਾ ਰੁਜ਼ਗਾਰ ਸਥਾਪਤ ਕਰਨ ਲਈ ਸਰਕਾਰ ਵੱਲੋਂ ਵਿਆਜ ਮੁਕਤ ਕਰਜ਼ਾ ਵੀ ਦਿੱਤਾ ਜਾਵੇਗਾ। ਸਰਕਾਰ ਬਣਨ ਦੇ ਪਹਿਲੇ ਸਾਲ ਵਿੱਚ ਇੱਕ ਲੱਖ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਖੁਲਾਸਾ ਕੀਤਾ ਕਿ ਮਹਿਜ਼ 111 ਦਿਨਾਂ ਦੇ ਕਾਰ-ਜਕਾਲ ਵਿੱਚ ਉਨ੍ਹਾਂ ਦੀ ਸਰਕਾਰ ਨੇ ਸੂਬੇ ਵਿੱਚ ਪੈਟਰੋਲ ਅਤੇ ਡੀਜ਼ਲ ਨੂੰ ਸਸਤਾ ਕਰਨ, ਬਿਜਲੀ ਅਤੇ ਪਾਣੀ ਦੇ ਬਕਾਇਆ ਬਿੱਲਾਂ ਨੂੰ ਮੁਆਫ ਕਰਨ ਸਮੇਤ ਹੋਰ ਕਈ ਅਹਿਮ ਫੈਸਲੇ ਲਏ ਹਨ।

ਉਨ੍ਹਾਂ ਸੂਬੇ ਦੇ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤਹਿਤ ਹਸਪਤਾਲ ਵਿਚ ਭਰਤੀ ਹੋਣ ਤੋਂ ਲੈ ਕੇ ਆਪਰੇਸ਼ਨ, ਦਵਾਈਆਂ ਆਦਿ ਦਾ ਕੋਈ ਖਰਚਾ ਨਹੀਂ ਹੋਵੇਗਾ। ਉਨ੍ਹਾਂ ਦੀ ਸਰਕਾਰ ਸੂਬੇ ਦੇ ਲੋੜਵੰਦ ਲੋਕਾਂ ਦੇ ਘਰਾਂ ਦੀਆਂ ਛੱਤਾਂ 6 ਮਹੀਨਿਆਂ ਦੇ ਅੰਦਰ-ਅੰਦਰ ਪੱਕੀਆਂ ਕਰਵਾ ਦੇਵੇਗੀ। ਉਥੇ ਹੀ ਇੱਕ ਸਾਲ ਵਿੱਚ 8 ਸਿਲੰਡਰ ਮੁਫਤ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ।

ਉਨ੍ਹਾਂ ਆਮ ਆਦਮੀ ਪਾਰਟੀ 'ਤੇ ਵੀ ਵਰ੍ਹਦਿਆਂ ਕਿਹਾ ਕਿ ਇਨ੍ਹਾਂ ਦੇ ਆਗੂ ਪੰਜਾਬ ਨੂੰ ਲੁੱਟਣਾ ਚਾਹੁੰਦੇ ਹਨ। ਪਾਰਟੀ ਦੇ ਹਰ ਚੌਥੇ ਉਮੀਦਵਾਰ 'ਤੇ ਪੁਲਿਸ ਕੇਸ ਦਰਜ ਹੈ। ਉਨ੍ਹਾਂ ਇਕ-ਇਕ ਕਰਕੇ ਉਨ੍ਹਾਂ ਉਮੀਦਵਾਰਾਂ ਦਾ ਵੀ ਜਿਕਰ ਕੀਤਾ ਜੋ ਦੂਜੀਆਂ ਪਾਰਟੀਆਂ ਤੋਂ 'ਆਪ' ਵਿਚ ਸ਼ਾਮਲ ਹੋ ਕੇ ਚੋਣ ਲੜ ਰਹੇ ਹਨ।

## ਨੋਟ ਬਦਲੇ ਵੋਟਦਾ ਮਾਮਲੇ ਵਿਚ ਚੋਣ ਕਮਿਸ਼ਨ ਨੇ ਪੰਜਾਬ ਦੇ ਕਈ ਦਰਜਨਾਂ ਹਲਕੇ ਸੰਵੇਦਨਸ਼ੀਲ ਮੰਨੇ

### * 17 ਹਲਕਿਆਂ ਵਿੱਚ ਪੈਸੇ ਤੇ ਨਸ਼ੇ ਦੀ ਵਰਤੋਂ ਦੀ ਸੰਭਾਵਨਾ

ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨਚੋਣ ਕਮਿਸ਼ਨ ਨੇ ਅਜਿਹੇ ਦਰਜਨਾਂ ਹਲਕੇ ਸ਼ਨਾਖਤ ਕੀਤੇ ਹਨ, ਜਿੱਥੇ ਵੋਟਰਾਂ ਦੀ ਖਰੀਦੋ ਫਰੋਖਤ ਹੋਣ ਦਾਡਰ ਹੈ। ਇਨ੍ਹਾਂ ਵਿੱਚੋਂ ਬਹੁਤੇ ਹਲਕਿਆਂ ਵਿੱਚ ਮੁਕਾਬਲੇ ਫਸਵੇਂ ਲੱਗਦੇ ਹਨ, ਜਿੱਥੇ ਚਰਚੇ ਹਨ ਕਿ ਪੈਸੇ ਦਾ ਜ਼ੋਰ ਨਤੀਜੇ ਪ੍ਰਭਾਵਤ ਕਰ ਸਕਦਾ ਹੈ।

ਚੋਣ ਕਮਿਸ਼ਨ ਨੇ ਪੰਜ ਸੂਬਿਆਂ ਦੀਆਂ ਚੋਣਾਂ ਵਿੱਚ 403 ਹਲਕੇ ਸੂਚੀਬੱਧ ਕੀਤੇ ਹਨ ਅਤੇ ਇਨ੍ਹਾਂ ਵਿੱਚ ਪੰਜਾਬ ਦੇ 17 ਵਿਧਾਨ ਸਭਾ ਹਲਕੇ ਵੀ ਹਨ, ਜਿਨ੍ਹਾਂ ਵਿੱਚ ਪੈਸੇ ਤੇ ਨਸ਼ੇ ਦੀ ਵਰਤੋਂ ਦੀ ਸੰਭਾਵਨਾ ਹੈ।ਏਥੇ ਚੋਣ ਕਮਿਸ਼ਨ ਦੀ ਤਿੱਖੀ ਨਿਗ੍ਹਾ ਰਹੇਗੀ, ਕਿਉਂਕਿ ਓਥੇ ਦੌਲਤਮੰਦ ਉਮੀਦਵਾਰਾਂ ਵਿੱ-ਚਾਲੇ ਟੱਕਰ ਹੈ। ਜਾਣਕਾਰ ਸੂਤਰ ਦੱਸਦੇ ਹਨ ਕਿ ਰਵਾਇਤੀ ਧਿਰਾਂ ਨੇ ਚੋਣ ਜਿੱਤਣ ਲਈ ਅੰਦਰੋਂ-ਅੰਦਰੀ ਸਭ ਪ੍ਰਬੰਧ ਕੀਤੇ ਹੋਏ ਹਨ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਇਸ ਗੱਲੋਂ ਡਰਦੇ ਹਨ ਕਿ ਕਿਤੇ ਪੈਸੇ ਅਤੇ ਨਸ਼ੇ ਦਾ ਰੁਝਾਨ ਸਾਰੀ ਖੇਡ ਨਾ ਵਿਗਾੜ ਦੇਵੇ। ਆਦਰਸ਼ ਚੋਣ ਜ਼ਾਬਤਾ ਲੱਗਣ ਮਗਰੋਂ ਐਤਕੀਂ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਤੋਂ ਵੱਧ ਨਸ਼ੇ ਫੜੇ ਗਏ ਹਨ।ਚੋਣ ਕਮਿਸ਼ਨ ਨੂੰ ਜਿਨ੍ਹਾਂ ਹਲਕਿਆਂ ਦੇ ਵੋਟਰਾਂ ਦੀ ਖਰੀਦੋ ਫਰੋਖਤ ਦੇ ਸ਼ੱਕ ਹਨ, ਉਨ੍ਹਾਂ ਵਿੱਚ ਲੰਬੀ ਪਹਿਲੇ ਨੰਬਰ ਉੱਤੇ ਹੈ, ਜਿੱਥੇ ਅਕਾਲੀ ਦਲ ਦੇ ਬਜ਼ੁਰਗ ਆਗੂ ਪ੍ਰਕਾਸ਼ ਸਿੰਘ ਬਾਦਲ ਤੇ ਆਮ ਆਦਮੀ ਪਾਰਟੀ ਦੇ ਗੁਰਮੀਤ ਸਿੰਘ ਖੁੱਡੀਆਂ ਵਿਚਾਲੇ ਮੁਕਾਬਲਾ ਹੈ। ਇਸ ਦੇ ਨਾਲ ਲੱਗਦੀ ਗਿੱਦੜਬਾਹਾ ਦੀ ਸੀਟ ਵੀ ਫਸਵੀਂ ਹੈ ਤੇ ਓਥੇ ਵੋਟਾਂ ਦੀ ਬੋਲੀ ਲੱਗਣ ਦਾ ਡਰ ਹੈ। ਇਸੇ ਸੂਚੀ ਵਿੱਚ ਬਠਿੰਡਾ ਸ਼ਹਿਰੀ ਹਲਕਾ ਵੀ ਹੈ, ਜਿੱਥੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਚੋਣ ਲੜ ਰਹੇ ਹਨ।ਬਠਿੰਡਾ ਦੇ ਇੱਕ ਮੁਲਾਜ਼ਮ ਆਗੂ ਨੇ ਕਿਹਾ ਕਿ ਰਵਾਇਤੀ ਸਿਆਸੀ ਧਿਰਾਂ ਕੋਲ ਚੋਣਾਂ ਲਈ ਪੈਸਾ ਤੇ ਤਾਕਤ ਹੈ, ਪਰ ਸ਼ਹਿਰੀ ਲੋਕ ਜਾਗਰੂਕ ਹਨ। ਉਹ ਪੈਸੇ ਦੀ ਥਾਂ ਜ਼ਮੀਰ ਦੀ ਆਵਾਜ਼ ਸੁਣਨਗੇ।

ਮਿਲੀ ਜਾਣਕਾਰੀ ਅਨੁਸਾਰ ਸ਼ਨਾਖਤ ਕੀਤੇ ਹਲਕਿਆਂ ਵਿੱਚ ਰਾਮਪੁਰਾ ਫੂਲ ਅਤੇ ਮੌੜ ਵੀ ਸ਼ਾਮਲ ਹਨ। ਇਸੇ ਤਰ੍ਹਾਂ ਸੁਨਾਮ ਤੇ ਸਨੌਰ ਅਤੇ ਇਲਾਵਾ ਲੁਧਿਆਣਾ ਦੱਖਣੀ, ਆਤਮ ਨਗਰ, ਸਾਹ-ਨੇਵਾਲ ਅਤੇ ਗਿੱਲ ਹਲਕਾ ਵੀ ਇਸ ਸੂਚੀ ਵਿੱਚ ਹੈ। ਦੋਆਬੇ ਦਾ ਕੋਈ ਹਲਕਾ ਇਸ ਸੂਚੀ ਵਿੱਚ ਸ਼ਾਮਲ ਨਹੀਂ ਲੱਭਦਾ।ਮਾਝੇ ਦੇ ਮਜੀਠਾ, ਪਠਾਨਕੋਟ, ਡੇਰਾ ਬਾਬਾ ਨਾਨਕ, ਅੰਮ੍ਰਿਤਸਰ ਕੇਂਦਰੀ ਅਤੇ ਅੰਮ੍ਰਿਤਸਰ ਪੂਰਬੀ ਵਿੱਚ ਵੀ ਚੋਣ ਕਮਿਸ਼ਨ ਨੂੰ ਇਹੋਸ਼ੱਕ ਹੈ।

ਐਤਕੀਂ ਪੰਜਾਬ ਚੋਣਾਂ ਵਿੱਚ 521 ਕਰੋੜਪਤੀ ਉਮੀਦਵਾਰ ਹਨ। ਇਨ੍ਹਾਂ ਵਿੱਚੋਂ 35 ਜਣਿਆਂ ਕੋਲ 10 ਕਰੋੜ ਤੋਂ 283 ਤੱਕ ਦੀ ਪ੍ਰਾਪਰਟੀ ਹੈ। ਵੱਧ ਜਾਇਦਾਦ ਵਾਲੇ ਉਮੀਦਵਾਰਾਂ ਦੇ ਹਲਕਿਆਂ ਉੱਤੇ ਵੀ ਚੋਣ ਕਮਿਸ਼ਨ ਦੀ ਅੱਖ ਹੈ।ਲੋਕਾਂ ਵਿੱਚ ਚਰਚਾ ਹੈ ਕਿ ਇਸ ਹਫਤੇ ਪੈਸੇ ਦੀ ਵਰਤੋਂ ਹੋ ਸਕਦੀ ਹੈ।

ਪੰਜਾਬ ਦੇ ਮੁੱਖ ਚੋਣ ਅਫਸਰ ਡਾਕਟਰ ਐਸ ਕਰੁਣਾ ਰਾਜੂ ਨੇ ਦੱਸਿਆ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਐਤਵਾਰ ਤਕ 417.26 ਕਰੋੜ ਰੁਪਏ ਦੀ ਕੀਮਤ ਦਾ ਸਾਮਾਨ ਜ਼ਬਤ ਕੀਤਾ ਹੈ ਅਤੇ ਇਸ ਵਿੱਚ 28.95 ਕਰੋੜ ਰੁਪਏ ਦੀ 48.30 ਲੱਖ ਲੀਟਰ ਸ਼ਰਾਬ, 319.94 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਅਤੇ 29.26 ਕਰੋੜ ਰੁਪਏ ਦੀ ਨਕਦੀ ਵੀ ਜ਼ਬਤ ਕੀਤੀ ਗਈ ਹੈ। ਸੰਵੇਦਨਸ਼ੀਲ ਹਲਕਿਆਂ ਵਿੱਚ ਚੋਣ ਆਬਜ਼ਰਵਰ ਤੈਨਾਤ ਕੀਤੇ ਗਏ ਹਨ।

## 27 ਮਾਰਚ ਤੋਂ ਆਦਮਪੁਰ ਤੋਂ ਦਿੱਲੀ ਅਤੇ ਜੈਪੁਰ ਹਵਾਈ ਸੇਵਾ ਸ਼ੁਰੂ

ਜਲੰਧਰ, 14 ਫਰਵਰੀ (ਪੋਸਟ ਬਿਊਰੋ)- ਕੋਰੋਨਾ ਦੀ ਪਹਿਲੀ ਅਤੇ ਦੂਸਰੀ ਲਹਿਰ ਦੇ ਬਾਅਦ ਤੀਸਰੀ ਲਹਿਰ ਦੇ ਕੇਸ ਵੱਧਣਕਾਰਨ ਏਅਰਲਾਈਨ ਕੰਪਨੀਆਂ ਵੀ ਪ੍ਰਭਾਵਿਤ ਹੋਈਆਂ ਸਨ। ਅੱਜ ਕੱਲ੍ਹ ਤੀਸਰੀ ਲਹਿਰ ਵਿੱਚ ਕੇਸਾਂ ਵਿੱਚ ਕਮੀ ਆਉਣ ਲੱਗੀ ਹੈ ਤਾਂ ਇੱਕ ਵਾਰ ਫਿਰ ਕੰਪਨੀਆਂ ਘਰੇਲੂ ਉਡਾਣਾਂ ਸ਼ੁਰੂ ਕਰਨ ਲੱਗੀਆਂ ਹਨ। ਜਲੰਧਰ ਦੇ ਆਦਮਪੁਰ ਸਿਵਲ ਏਅਰਪੋਰਟ ਤੋਂ ਆਦਮਪੁਰ ਤੋਂ ਦਿੱਲੀ ਅਤੇ ਜੈਪੁਰ ਜਾਣ ਵਾਲੀ ਸਪਾਈਸ ਜੈਟ ਫਲਾਈਟ 27 ਮਾਰਚ ਤੋਂ ਸ਼ੁਰੂ ਹੋ ਰਹੀ ਹੈ। ਜਾਣਕਾਰ ਸੂਤਰਾਂ ਮੁਤਾਬਕ ਇਹ ਫਲਾਈਟ ਰੋਜ਼ਾਨਾ ਆਦਮਪੁਰ ਤੋਂ ਦਿੱਲੀ ਤੇ ਜੈਪੁਰ ਲਈ ਜਾਵੇਗੀ ਅਤੇ ਕੰਪਨੀ ਨੇ ਆਪਣਾ ਟਿਕਟ ਬੁਕਿੰਗ ਦਾ ਸ਼ੈਡਿਊਲ ਵੈਬਸਾਈਟ ਉੱਤੇ ਪਾ ਦਿੱਤਾ ਹੈ। ਇਸ ਦੌਰਾਨ ਏਅਰਪੋਰਟ ਦੇ ਅੰਦਰ ਦੋ ਮੰਜ਼ਿਲਾਂ ਆਧੁਨਿਕ ਇਮਾਰਤ ਬਣਾਈ ਜਾ ਰਹੀ ਹੈ ਤਾਂ ਕਿ ਯਾਤਰੀਆਂ ਨੂੰ ਬੇਹਤਰ ਸਹੂਲਤਾਂ ਮਿਲ ਸਕਣ। ਸੂਤਰਾਂ ਮੁਤਾਬਕ ਦਿੱਲੀ ਤੋਂ ਆਦਮਪੁਰ ਦਾ ਕਿਰਾਇਆ 3,671, ਆਦਮਪੁਰ ਤੋਂ ਦਿੱਲੀ 3,586, ਜੈਪੁਰ ਤੋਂ ਆਦਮਪੁਰ3,676 ਅਤੇ ਆਦਮਪੁਰ ਤੋਂ ਜੈਪੁਰ 3,676 ਰੁਪਏ ਹੋ ਸਕਦਾ ਹੈ।ਆਦਮ-ਪੁਰ ਤੋਂ ਸਵੇਰੇ 9.40 ਵਜੇ ਫਲਾਈਟ ਜੈਪੁਰ ਲਈ ਚਲੇਗੀ ਅਤੇ 10.55 ਵਜੇ ਓਥੇ ਪਹੁੰਚੇਗੀ।

## ਭਾਜਪਾ ਪੰਜਾਬ ਵਿੱਚ ਧਰਮ ਤਬਦੀਲੀ ਰੋਕਣ ਲਈ ਕਾਨੂੰਨ ਲਿਆਏਗੀ: ਪੁਰੀ

ਜਲੰਧਰ, 14 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਪਹਿਲੀ ਵਾਰ ਆਪਣੇ ਦਮ ਉੱਤੇ ਚੋਣ ਮੈਦਾਨ ਵਿੱਚ ਉਤਰੀ ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਹੈ ਕਿ ਪੰਜਾਬ ਵਿੱਚ ਉਨ੍ਹਾਂ ਦੀ ਸਰਕਾਰ ਬਣੀ ਤਾਂ ਧਰਮ ਪਰਿਵਰਤਨ ਰੋਕਣ ਲਈ ਕਾਨੂੰਨ ਬਣਾਇਆ ਜਾਵੇਗਾ।

ਮੀਡੀਆ ਨਾਲ ਗੱਲਬਾਤ ਦੌਰਾਨਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਕੁਝ ਸਿਆਸੀ ਪਾਰਟੀਆਂ ਵੋਟ ਬੈਂਕ ਦੀ ਰਾਜਨੀਤੀ ਕਾਰਨ ਨਾ ਕੇਵਲ ਧਰਮ ਪਰਿਵਰਤਨ ਉੱਤੇ ਅੱਖਾਂ ਬੰਦ ਕਰ ਕੇ ਬੈਠੀਆਂ ਹਨ, ਸਗੋਂ ਇਸ ਨੂੰ ਉਤਸ਼ਾਹ ਦੇ ਰਹੀਆਂ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਹ ਕਹਿ ਰਹੇ ਹਨ ਕਿ ਜੋ ਲੋਕ ਧਰਮ ਪਰਿਵਰਤਨ ਕਰਦੇ ਹਨ, ਉਨ੍ਹਾਂ ਨੂੰ ਪਿਆਰ ਨਹੀਂ ਮਿਲਦਾ। ਇੱਕ ਮੁੱਖ ਮੰਤਰੀ ਲਈ ਇਹ ਬਿਆਨਬਾਜ਼ੀ ਸ਼ੋਭਾ ਨਹੀਂ ਦਿੰਦੀ।

ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਹਰ ਖੇਤਰ ਵਿੱਚ ਪੰਜਾਬ ਪੱਛੜ ਚੁੱਕਾ ਹੈ। ਕੇਂਦਰ ਵਿੱਚ ਐਨ ਡੀ ਏ ਅਤੇ ਰਾਜ ਵਿੱਚ ਭਾਜਪਾ ਸਰਕਾਰ ਮਿਲ ਕੇ ਡਬਲ ਇੰਜਣ ਵਜੋਂ ਪੰਜਾਬ ਦਾ ਵਿਕਾਸ ਕਰਵਾ ਸਕਦੀਆਂ ਹਨ। ਇਸ ਦੇ ਲਈ ਰੋਡਮੈਪ ਵੀ ਤਿਆਰ ਕਰ ਲਿਆ ਹੈ ਤੇ ਇਹ ਜ਼ਰੂਰੀ ਹੈ ਕਿ ਪੰਜਾਬ ਨੂੰ ਪਹਿਲਾਂ ਕਰਜ਼ੇ ਤੋਂ ਮੁਕਤ ਕੀਤਾ ਜਾਵੇ। ਇੱਕ ਲੱਖ ਕਰੋੜ ਰੁਪਏ ਦਾ ਪੈਕੇਜ ਦੇ ਕੇ ਕੇਂਦਰ ਸਰਕਾਰ ਇਸ ਰਾਜ ਦੀ ਵਿੱਤੀ ਸਥਿਤੀ ਨੂੰ ਸੰਭਾਲੇਗੀ। ਉਨ੍ਹਾ ਨੇ ਕਿਹਾ ਕਿ ਅਕਾਲੀ ਦਲ ਤੋਂ ਵੱਖ ਹੋ ਕੇ ਆਪਣੇ ਦਮ ਉੱਤੇ ਚੋਣ ਲੜਨਾ ਪੰਜਾਬ ਤੇ ਭਾਜਪਾ ਦੋਵਾਂ ਲਈ ਫਾਇਦੇਮੰਦ ਹੈ। ਸਾਡੀਆਂ ਕੇਂਦਰੀ ਯੋਜਨਾਵਾਂ ਦੇ 22 ਕਰੋੜ ਲਾਭਪਾਤਰੀ ਦੇਸ਼ ਵਿੱਚ ਹਨ। ਉਨ੍ਹਾਂ ਲੋਕ ਸਭਾ ਚੋਣਾਂ ਵਿੱਚ ਸਾਨੂੰ ਵੋਟ ਦਿੱਤਾ ਸੀ। ਇਨ੍ਹਾਂ ਵਿੱਚ ਪੰਜਾਬ ਵਿੱਚ ਵੀ ਵੱਡੀ ਗਿਣਤੀ ਵਿੱਚ ਲਾਭਪਾਤਰੀ ਸ਼ਾਮਲ ਹਨ, ਜੋ ਸਾਨੂੰ ਵੋਟਾਂ ਪਾਉਣਗੇ।




# ਬਸੰਤ ਮੌਸਮ ਦੇ ਖੇੜੇ ਵਿਚ ਹੋਇਆ 7ਵੇਂ ਅੰਮ੍ਰਿਤਸਰ ਸਾਹਿਤ ਉਤਸਵ ਦਾ ਆਗਾਜ਼

### * ਬਾਜ਼ਾਰ ਮਨੁੱਖ ਲਈ ਹੈ ਨਾ ਕਿ ਮਨੁੱਖ ਬਾਜ਼ਾਰ ਲਈ : ਵਾਈਸ ਚਾਂਸਲਰ
### * ਕਲਾਸਿਕ ਸਾਹਿਤ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ

ਅੰਮ੍ਰਿਤਸਰ, 14 ਫਰਵਰੀ (ਪੋਸਟ ਬਿਊਰੋ)- ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਵੱਲੋਂ ਆਯੋਜਤ ਸੱਤਵੇਂ ਅੰਮ੍ਰਿਤਸਰ ਸਾਹਿਤ ਉਤਸਵ-2022 ਦੇ ਉਦਘਾਟਨੀ ਸੈਸ਼ਨ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਕਿਹਾ ਹੈ ਬਾਜਾਰ ਮਨੁੱਖ ਲਈ ਹੈ ਮਨੁੱਖ ਬਾਜ਼ਾਰ ਲਈ ਨਹੀਂ ਬਣਿਆ ਹੈ ਇਸ ਲਈ ਬਿਹਤਰ ਇਹ ਹੋਵੇਗਾ ਕਿ ਮਨੁੱਖ ਬਾਜ਼ਾਰ ਨੂੰ ਚਲਾਏ ਬਜ਼ਾਰ ਮਨੁੱਖ ਨੂੰ ਨਹੀਂ। ਉਨ੍ਹਾਂ ਯੂਨੀਵਰਸਿਟੀ ਦੇ ਕੋਰਸਾਂ ਦੇ ਹੁੰਦੇ ਬਜ਼ਾਰੀਕਰਨ ਦਾ ਖੰਡਨ ਕਰਦਿਆਂ ਕਿਹਾ ਕਿ ਸਮਾਜਿਕ ਵਿ-ਗਿਆਨ ਦੇ ਵਿਸ਼ਿਆਂ ਅਤੇ ਹੋਰ ਕੋਰਸਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ। ਉਹ ਅੱਜ ਸੱਤਵੇਂ ਅੰਮ੍ਰਿਤਸਰ ਸਾਹਿਤ ਉਤਸਵ-2022 ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਇਸ ਮੌਕੇ ਨਾਦ ਪ੍ਰਗਾਸੁ ਸੰਸਥਾ ਵੱਲੋਂ ਕੀਤੇ ਜਾ ਰਹੇ ਅਕਾਦਮਿਕ ਯਤਨਾਂ ਦੀ ਵੀ ਸ਼ਲਾਘਾ ਕੀਤੀ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋ. ਗੁਰਪਾਲ ਸਿੰਘ ਸੰਧੂ ਨੇ ਉਦਘਾਟਨੀ ਸੈਸ਼ਨ ਦਾ ਮੁੱਖ ਭਾਸ਼ਣ ਦਿੰਦਿਆਂ ਕਿਹਾ ਕਿ ਸਾਹਿਤ ਸਿਧਾਂਤ ਵਿਚ ਵਿਗਿਆਨ ਅਤੇ ਸਮਾਜ ਵਿ-ਗਿਆਨ ਵਿਚੋਂ ਸਿਧਾਂਤ ਸਾਹਿਤ ਵੱਲ ਆ ਰਿਹਾ ਹੈ ਅਤੇ ਸਾਹਿਤਕਤਾ ਦੀ ਮੌਲਿਕਤਾ ਨੂੰ ਪਿੱਛੇ ਛੱਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਧਾਂਤ ਨੂੰ ਸਾਡੀਆਂ ਸਾਹਿਤਿਕ ਪਰੰਪਰਾਵਾਂ ਵਿਚੋਂ ਖੋਜਣ ਦੀ ਲੋੜ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫੈਕਲਟੀ ਆਫ ਹਿਊਮੈਨਟੀਜ਼ ਐਂਡ ਰਿਲੀਜੀਅਸ ਸਟੱਡੀਜ਼ ਦੇ ਡੀਨ, ਪ੍ਰੋ. ਸਰਬਜਿੰਦਰ



ਸਿੰਘ ਨੇ ਕਿਹਾ ਕਿ ਸ਼ਬਦ ਸਾਰੀਆਂ ਧਰਮ ਪਰੰਪਰਾਵਾਂ ਦਾ ਸਾਂਝਾ ਹੈ ਅਤੇ ਨਾਲ ਹੀ ਸਾਰੇ ਧਰਮ ਗ੍ਰੰਥ ਇਕ ਦੂਜੇ ਤੋਂ ਵਿਲੱਖਣ ਵੀ ਹਨ। ਇਸ ਮੌਕੇ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਵਿਸ਼ੇਸ਼ ਮਹਿਮਾਨ ਦੇ ਤੌਰ ‘ਤੇ ਸ਼ਾਮਿਲ ਹੋਏ। ਇਸ ਤੋਂ ਪਹਿਲਾਂ ਖਾਲਸਾ ਕਾਲਜ ਫਾਰ ਵਿਮਨ ਦੇ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਅਮਰਜੀਤ ਸਿੰਘ ਨੇ ਉਦਘਾਟਨੀ ਸੈਸ਼ਨ ਦਾ ਸੰਚਾਲਨ ਕੀਤਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਸੁਖਵਿੰਦਰ ਸਿੰਘ ਨੇ ਧੰਨਵਾਦੀ ਮਤਾ ਪੇਸ਼ ਕੀਤਾ।



ਅੰਮ੍ਰਿਤਸਰ ਸਾਹਿਤ ਉਤਸਵ ਦਾ ਦੂਜਾ ਸਮਾਗਮ ਪੈਨਲ ਵਿਚਾਰ ਚਰਚਾ ਸਮਕਾਲੀ ‘ਪੰਜਾਬ: ਸਮਾਜਿਕ ਅਤੇ ਰਾਜਨੀਤਿਕ ਪ੍ਰਸੰਗ’ ਵਿਸ਼ੇ ‘ਤੇ ਆਧਾਰਿਤ ਸੀ ਜਿਸ ਵਿਚ ਰੀਜਨਲ ਇੰਸਟੀਚਿਊਟ ਆਫ ਇੰਗਲਿਸ਼, ਚੰਡੀਗੜ੍ਹ ਤੋਂ ਡਾ. ਮੋਨਿਕਾ ਕੁਮਾਰ, ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਅਤੇ ਦਿੱਲੀ ਤੋਂ ਅਮਨਿੰਦਰ ਸਿੰਘ ਨੇ ਭਾਗ ਲਿਆ। ਇਸ ਮੌਕੇ ਡਾ. ਮੋਨਿਕਾ ਨੇ ਬੋਲਦਿਆਂ ਕਿਹਾ ਕਿ ਸਮਕਾਲੀ ਪੰਜਾਬ ਨੂੰ ਆਤਮ ਨਿਰੀਖਣ ਦੀ ਲੋੜ ਹੈ ਕਿਉਂਕਿ ਸਾਨੂੰ ਦੱਸੇ ਅਤੇ ਪੜ੍ਹਾਏ ਜਾਣ ਵਾਲੇ ਆਦਰਸ਼ਕ ਪੰਜਾਬ ਅਤੇ ਯਥਾਰਥਕ ਪੰਜਾਬ ਵਿਚ ਇਕ ਦਵੰਦ ਪੈਦਾ ਹੋ ਚੁੱਕਾ ਹੈ। ਪੰਜਾਬੀ ਮਨ ਆਪਣੀ ਹੋਂਦ ਦੇ ਸੰਕਟ ਕਾਰਨ ਅੰਦਰੋਂ ਅਸੁਰੱਖਿਅਤ ਮਹਿਸੂਸ ਕਰਦਾ ਹੈ ਸੋ ਸਮਕਾਲੀ ਪੰਜਾਬ ਅੱਗੇ ਵੱਡਾ ਪ੍ਰਸ਼ਨ ਹੈ ਕਿ ਕੀ ਇਸ ਦੀ ਸਥਾਨਕਤਾ ਸਭ ਲਈ ਸਾਂਝੀ ਹੈ। ਇਸ ਮੌਕੇ ਡਾ. ਸੋਹਲ ਨੇ ਕਿਹਾ ਕਿ ਦੂਰ ਅੰਦੇਸ਼ੀ ਵਾਲੀ ਦ੍ਰਿਸ਼ਟੀ ਤੋਂ ਖੁੰਝਣ ਕਾਰਨ ਪੰਜਾਬੀ ਮਨੁੱਖ ਦੀ ਵਿਚਾਰਕਤਾ ਅਤੇ ਵਿਵਹਾਰਕਤਾ ਵਿਚਕਾਰ ਅੰਤਰ ਆ ਚੁੱਕਾ ਹੈ। ਸਿੱਟੇ ਵਜੋਂ ਸਮਕਾਲੀ ਪੰਜਾਬ ਦਾ ਅਕਸ ਕਈ ਪੱਖਾਂ ਤੋਂ ਨਿਰਾਸ਼ਾ ਵੀ ਪੈਦਾ ਕਰਦਾ ਹੈ। ਅਮਨਿੰਦਰ ਸਿੰਘ ਨੇ ਸੰਵਾਦ ਵਿਚ ਭਾਗ ਲੈਂਦਿਆਂ ਕਿ ਮੌਜੂਦਾ ਸਮੇਂ ਵੱਖ ਵੱਖ ਪੱਧਰਾਂ ‘ਤੇ ਪੰਜਾਬ ਵਿਚ ਕਈ ਪੰਜਾਬ ਹੋ ਚੁੱਕੇ ਹਨ ਅਤੇ ਪੰਜਾਬੀ ਮਨ ਆਪਣੀ ਨਾਕਾਰਤਮਕਤਾ ਨੂੰ ਲੁਕੋਣ ਲਈ ਪੰਜਾਬ ਦੀਆਂ ਸਕਾਰਾਤਮਕ ਸਿਰਜਣਾਵਾਂ ਦਾ ਓਹਲਾ ਪੈਦਾ ਕਰ ਲੈਂਦਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਲਖਵੀਰ ਸਿੰਘ ਨੇ ਇਸ ਸੰਵਾਦ ਦਾ ਸੰਚਾਲਨ ਕੀਤਾ।

ਅੰਮ੍ਰਿਤਸਰ ਸਾਹਿਤ ਉਤਸਵ ਦੌਰਾਨ ਸਜਾਈਆਂ ਗਈ ਵੱਖ ਵੱਖ ਪ੍ਰਦਰਸ਼ਨੀਆਂ ਜਿਨ੍ਹਾਂ ਵਿਚ ਚਿਤਰਕਲਾ, ਲੱਕੜਕਾਰੀ, ਪੁਰਾਤਨ ਸਾਜ਼ ਅਤੇ ਪੁਸਤਕ ਪ੍ਰਦਰਸ਼ਨੀਆਂ ਦਾ ਵਿਦਿਆਰਥੀਆਂ ਖੋਜਾਰਥੀਆਂ ਅਤੇ ਸ਼ਹਿਰ ਨਿਵਾਸੀਆਂ ਨੇ ਭਰਪੂਰ ਆਨੰਦ ਲਿਆ।

# ਪਾਕਿ ਨਾਗਰਿਕ ਦੀ ਰਿਹਾਈ ਲਈ ਬੱਚੇ ਸੁਪਰੀਮ ਕੋਰਟ ਪੁੱਜੇ

* ਪਾਕਿਸਤਾਨ ਉਸ ਨੂੰ ਆਪਣਾ ਨਾਗਰਿਕ ਨਹੀਂ ਮੰਨਦਾ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਮੇਰਠ ਦੇ ਦੋ ਭੈਣ-ਭਰਾਵਾਂ ਨੇ ਆਪਣੇ ਪਿਤਾ ਦੀ ਰਿਹਾਈ ਕਰਾਉਣ ਦੇ ਲਈ ਭਾਰਤ ਦੀ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਇਸ ਵਿਅਕਤੀ ਨੂੰ ਇੱਕ ਅਦਾਲਤ ਨੇ ਪਾਕਿਸਤਾਨੀ ਨਾਗਰਿਕ ਐਲਾਨਿਆ ਸੀ। ਉਹ ਸੱਤ ਸਾਲ ਤੋਂ ਇੱਕ ਹਿਰਾਸਤੀ ਕੇਂਦਰ ਵਿੱਚ ਬੰਦ ਹੈ, ਕਿਉਂਕਿ ਪਾਕਿਸਤਾਨ ਨੇ ਉਸ ਨੂੰ ਆਪਣੇ ਨਾਗਰਿਕ ਦੇ ਰੂਪ ਵਿੱਚ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

62 ਸਾਲਾ ਮੁਹੰਮਦ ਕਮਰ ਨੂੰ ਅੱਠ ਅਗਸਤ 2011 ਨੂੰ ਉਤਰ ਪ੍ਰਦੇਸ਼ ਦੇ ਮੇਰਠ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਓਥੋਂ ਦੀ ਇੱਕ ਅਦਾਲਤ ਨੇ ਉਸ ਨੂੰ ਵੀਜ਼ੇ ਦੇ ਤੈਅ ਸਮੇਂ ਤੋਂ ਵੱਧ ਸਮੇਂ ਤਕ ਰਹਿਣ ਦਾ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਤਿੰਨ ਸਾਲ ਛੇ ਮਹੀਨਿਆਂ ਦੀ ਜੇਲ੍ਹ ਤੇ 500 ਰੁਪਏ ਦੇ ਜੁਰਮਾਨੇ ਦੀ ਸਜ਼ਾ ਕੀਤੀ ਹੈ। ਛੇ ਫਰਵਰੀ 2015 ਨੂੰ ਸਜ਼ਾ ਪੂਰੀ ਕਰਨ ਪਿੱਛੋਂ ਕਮਰ ਨੂੰ ਅਗਲੇ ਦਿਨ ਪਾਕਿਸਤਾਨ ਭੇਜਣ ਲਈ ਇੱਥੇ ਨਰੇਲਾ ਦੇ ਲਮਪੁਰ ਹਿਰਾਸਤ ਕੇਂਦਰ ਵਿੱਚ ਲਿਆਂਦਾ ਗਿਆ। ਪਾਕਿਸਤਾਨ ਸਰਕਾਰ ਨੇ ਉਸ ਨੂੰ ਲੈਣ ਤੋਂ ਮਨ੍ਹਾ ਕਰ ਦਿੱਤਾ ਅਤੇ ਉਹ ਅਜੇ ਤਕ ਹਿਰਾਸਤੀ ਕੇਂਦਰ ਵਿੱਚ ਹੈ।ਅਦਾਲਤ ਨੂੰ ਵਕੀਲ ਸੰਜੇ ਪਾਰਿਖ ਨੇ ਦੱਸਿਆ ਕਿ ਜੇ ਕਮਰ ਨੂੰ ਸਹੀ ਪਾਬੰਦੀਆਂ ਨਾਲ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਭਾਰਤੀ ਨਾਗਰਿਕਤਾ ਲਈ ਅਰਜ਼ੀ ਦੇਵਏਗਾ, ਕਿਉਂਕਿ ਉਸ ਦੀ ਪਤਨੀ ਤੇ ਪੰਜ ਬੱਚੇ ਸਾਰੇ ਭਾਰਤੀ ਨਾਗਰਿਕ ਹਨ।ਇਸ ਉੱਤੇ ਬੈਂਚ ਨੇ ਕਿਹਾ ਕਿ ਅਸੀਂ ਫਾਈਲਾਂ ਦੇਖੀਆਂ ਹਨ, ਇਸ ਬਾਰੇ ਕੀ ਕੀਤਾ ਜਾਣਾ ਹੈ? ਉਂਝ ਵੀ ਨਾਗਰਿਕਤਾ ਦੇ ਮੁੱਦੇ ਉੱਤੇ ਕੀ ਹੋ ਰਿਹਾ ਹੈ, ਇਹ ਦੇਖਣ ਲਈ ਅਸੀਂ ਨੋਟਿਸ ਜਾਰੀ ਕਰ ਰਹੇ ਹਾਂ।

# ਪੁਲਸ ਹੱਥੋਂ ਮਾਰੇ ਗਏ ਵਿਅਕਤੀ ਦੇ ਕੇਸ ਨੇ ਤੂਲ ਫੜ੍ਹਿਆ




ਸੈਕਰਾਮੈਂਟੋ, 14 ਫਰਵਰੀ (ਪੋਸਟ ਬਿਊਰੋ)- ਮਿਨੀਆਪੋਲਿਸ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਪੁਲਸ ਹੱਥੋਂ ਮਾਰੇ ਗਏ ਗੈਰ ਗੋਰੇ ਵਿਅਕਤੀ ਆਮਿਰ ਲੌਕੀ ਦਾ ਮੁੱਦਾ ਤੂਲ ਫੜਦਾ ਜਾਪਦਾ ਹੈ।

ਮ੍ਰਿਤਕ ਦੇ ਪਰਵਾਰ ਦੇ ਵਕੀਲ ਨੇ ਕਿਹਾ ਹੈ ਕਿ ਇਹ ਇੱਕ ਹੋਰ ਮਿਸਾਲ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਨਸਲ ਕਾਰਨ ਕਿਸ ਤਰ੍ਹਾਂ ਕਾਲੇ ਅਮਰੀਕੀਆਂ ਨਾਲ ਨਜਿੱਠਿਆ ਜਾਂਦਾ ਹੈ। ਵਕੀਲ ਨੇ ਕਿਹਾ ਹੈ ਕਿ ਬੰਦੂਕ ਰੱਖਣ ਦੇ ਅਧਿਕਾਰ ਤੋਂ ਨਸਲ ਆਧਾਰ ਉੱਤੇ ਕਿਸੇ ਨੂੰ ਵਾਂਝਾ ਨਹੀਂ ਕੀਤਾ ਜਾ ਸਕਦਾ। 22 ਸਾਲਾ ਮ੍ਰਿਤਕ ਦੇ ਪਰਵਾਰ ਅਨੁਸਾਰ ਲੌਕੀ ਕਾਨੂੰਨੀ ਤੌਰ ਉੱਤੇ ਇੱਕ ਗੰਨ ਦਾ ਮਾਲਕ ਸੀ ਤੇ ਉਸ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ। 2 ਫਰਵਰੀ ਨੂੰ ਮਿਨੀਆਪੋਲਿਸ ਦੇ ਕੁੱਝ ਪੁਲਸ ਅਫਸਰਾਂ ਦੇ ਬਿਨਾਂ ਦਰਵਾਜਾ ਖੜਕਾਇਆਂ ਜਾਂ ਸੂਚਨਾ ਦਿੱਤਿਆਂ ਘਰ ਵਿੱਚ ਦਾਖਲ ਹੋਣ ਉਪਰੰਤ ਕੇਵਲ 10 ਸਕਿੰਟਾਂ ਵਿੱਚ ਲੌਕੀ ਨੂੰ ਸਦਾ ਲਈ ਖਾਮੋਸ਼ ਕਰ ਦਿੱਤਾ। ਪੁਲਸ ਅਨੁਸਾਰ ਲੌਕੀ ਕੰਬਲ ਵਿੱਚ ਸੀ ਅਤੇ ਉਸ ਦੇ ਹੱਥ ਵਿੱਚ ਗੰਨ ਵੀ ਸੀ। ਪਰਵਾਰ ਦੇ ਵਕੀਲ ਜੈਫ ਸਟਾਰਮਸ ਅਨੁਸਾਰ ਤੱਥ ਇਹ ਹੀ ਹੈ ਕਿ ਕਾਲੇ ਅਮਰੀਕੀਆਂ ਨਾਲ ਹੀ ਅਜਿਹਾ ਕੁਝ ਵਾਰ ਵਾਰ ਹੋ ਰਿਹਾ ਹੈ। ਵਕੀਲ ਨੇ ਸਵਾਲ ਕੀਤਾ ਕਿ ਹੋਰ ਕਿਸੇ ਅਮਰੀਕੀ ਨਾਲ ਇਸ ਤਰ੍ਹਾਂ ਕਿਉਂ ਨਹੀਂ ਹੁੰਦਾ? ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।

# ਯੂਕਰੇਨ ਸੰਕਟ ਕਾਰਨ ਕਈ ਕੰਪਨੀਆਂ ਨੇ ਉਡਾਣਾਂ ਰੱਦ ਕੀਤੀਆਂ



ਮਾਸਕੋ, 14 ਫਰਵਰੀ (ਪੋਸਟ ਬਿਊਰੋ)- ਰੂਸ ਅਤੇ ਪੱਛਮੀ ਦੇਸ਼ਾਂ ਵਿਚਾਲੇ ਹਫਤੇ ਦੇ ਅਖੀਰ ਵਿੱਚ ਹੋਈ ਗੱਲਬਾਤ ਦੇ ਬਾਵਜੂਦ ਹਮਲੇ ਦੀਆਂ ਸੰਭਾਵਨਾਵਾਂ ਦੇ ਕਾਰਨ ਕੁਝ ਹਵਾਈ ਕੰਪਨੀਆਂ ਨੇ ਯੂਕਰੇਨ ਜਾਂਦੀਆਂ ਆਪਣੀਆਂ ਉਡਾਣਾਂ ਜਾਂ ਰੱਦ ਕਰ ਦਿੱਤੀਆਂ ਹਨ ਜਾਂ ਉਨ੍ਹਾਂ ਨੇ ਹਵਾਈ ਉਡਾਣਾਂ ਦਾ ਰੂਟ ਦੂਜੇ ਸਥਾਨਾਂ ਵੱਲ ਕਰ ਦਿੱਤਾ ਹੈ। ਇਸੇ ਦਰਮਿਆਨ ਕੈਨੇਡਾ ਨੇ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਸਥਿਤ ਆਪਣੇ ਦੂਤਘਰ ਨੂੰ ਬੰਦ ਕਰ ਦਿੱਤਾ ਹੈ।

ਅਮਰੀਕਾ ਦੇ ਵ੍ਹਾਈਟ ਹਾਊਸ ਨੇ ਕਿਹਾ, "ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਹਫਤੇ ਦੇ ਅਖੀਰ ਵਿੱਚ ਕਰੀਬ ਇੱਕ ਘੰਟੇ ਤਕ ਫੋਨ ਉੱਤੇ ਹੋਈ ਗੱਲਬਾਤ ਵਿੱਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਕਿਹਾ ਕਿ ਯੂਕਰੇਨ ਉੱਤੇ ਹਮਲਾ ਕਰਨ ਨਾਲ ਵੱਡੇ ਪੱਧਰ ਉੱਤੇ ਜਾਨ-ਮਾਲ ਦਾ ਨੁਕਸਾਨ ਹੋਵੇਗਾ। ਪੱਛਮੀ ਦੇਸ਼ ਸੰਕਟ ਨੂੰ ਖਤਮ ਕਰਨ ਲਈ ਕੂਟਨੀਤਕ ਕੋਸ਼ਿਸ਼ਾਂ ਕਰਨ ਲਈ ਵਚਨਬੱਧ ਹਨ, ਪਰ ਹੋਰ ਹਾਲਾਤ ਲਈ ਵੀ ਤਿਆਰ ਹਨ।" ਦੋਵਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਵਿਚਾਲੇ ਗੱਲਬਾਤ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਦੀ ਇਸ ਚਿਤਾਵਨੀ ਦਿੱਤੇ ਜਾਣ ਤੋਂ ਇੱਕ ਦਿਨ ਬਾਅਦ ਹੋਈ ਸੀ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਅਮਰੀਕੀ ਖੁਫੀਆ ਏਜੰਸੀ ਦੱਸਦੀ ਹੈ ਕਿ ਰੂਸ ਕੁਝ ਦਿਨਾਂ ਦੇ ਅੰਦਰ ਹਮਲਾ ਸ਼ੁਰੂ ਕਰ ਸਕਦਾ ਹੈ।

ਨੀਦਰਲੈਂਡ ਦੀ ਏਅਰਲਾਈਨ ਕੇ ਐਲ ਐਮ ਨੇ ਅਗਲੀ ਸੂਚਨਾ ਤਕ ਯੂਕਰੇਨ ਜਾਂਦੀਆਂ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਯੂਕਰੇਨ ਦੇ ਹਵਾਈ ਖੇਤਰ ਵਿੱਚ ਖਤਰੇ ਦੀ ਸੰਭਾਵਨਾ ਪਿੱਛੇ ਨੀਦਰਲੈਂਡ ਦੀ ਸੰਵੇਦਨਸ਼ੀਲਤਾ 2014 ਦੀ ਉਸ ਘਟਨਾ ਕਰ ਕੇਹੈ ਜਿਸ ਵਿੱਚ ਪੂਰਬੀ ਯੂਕਰੇਨ ਵਿੱਚ ਰੂਸ ਸਮਰਥਕਬਾਗੀਆਂ ਦੇ ਕਬਜ਼ੇ ਵਾਲੇ ਖੇਤਰ ਉਪਰ ਉੱਡਦਾ ਮਲੇਸ਼ਿਆਈ ਜਹਾਜ਼ ਡੇਗ ਦਿੱਤਾ ਗਿਆ ਸੀ ਅਤੇ ਉਸ ਵਿੱਚ ਸਵਾਰ ਸਾਰੇ 298 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਨੀਦਰਲੈਂਡ ਦੇ 198 ਨਾਗਰਿਕ ਸਨ। ਯੂਕਰੇਨ ਦੀ ਵਿਸ਼ੇਸ਼ ਏਅਰਲਾਈਨਜ਼ ਕੰਪਨੀ ਸਕਾਈਅਪ ਨੇ ਕਿਹਾ ਕਿ ਪੁਰਤਗਾਲ ਦੇ ਮਦੇਰਾ ਤੋਂ ਕੀਵ ਜਾਂਦੀਆਂ ਉਡਾਣਾਂ ਮੋਲਦੋਵਾ ਦੀ ਰਾਜਧਾਨੀ ਚਿਸ਼ੀਨਾਊ ਵੱਲ ਮੋੜ ਦਿੱਤੀਆਂ ਗਈਆਂ ਹਨ। ਇਸੇ ਦੌਰਾਨ ਕੈਨੇਡਾ ਨੇ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਆਪਣਾ ਦੂਤਾਘਰ ਬੰਦ ਕਰ ਦਿੱਤਾ ਹੈ ਅਤੇ ਰਾਜਦੂਤਾਂ ਤੇ ਦੂਤਘਰ ਦੇ ਮੁਲਾਜ਼ਮਾਂ ਨੂੰ ਯੂਕਰੇਨ ਦੇ ਪੱਛਮੀ ਹਿੱਸੇ ਵਿੱਚਭੇਜ ਦਿੱਤਾ ਹੈ।

# ਗੋਆ ਚੋਣਾਂ ਵਿਚ ਟੀ ਐਮ ਸੀ ਅਤੇ ਆਪ ਵੱਲੋਂ ਇੱਕ-ਦੂਸਰੇ ਖਿਲਾਫ ਸ਼ਿਕਾਇਤ

* ਟੀ ਵੀ ਚੈਨਲ ਉੱਤੇ ਸਟਿੰਗ ਆਪਰੇਸ਼ਨ ਦੇ ਪ੍ਰਸਾਰਨ ਦਾ ਮਾਮਲਾ



ਪਣਜੀ, 14 ਫਰਵਰੀ (ਪੋਸਟ ਬਿਊਰੋ)- ਗੋਆ ਵਿਧਾਨ ਸਭਾ ਚੋਣਾਂ ਤੋਂ ਕੱਲ੍ਹ ਇੱਕ ਦਿਨ ਪਹਿਲਾਂ ਤ੍ਰਿਣਮੂਲ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਚੋਣ ਕਮਿਸ਼ਨ ਨੂੰ ਇੱਕ ਦੂਜੇ ਖਿਲਾਫ ਸ਼ਿਕਾਇਤ ਦੇ ਦਿੱਤੀ।

ਮਾਮਲਾ ਇੱਕ ਟੀ ਵੀ ਚੈਨਲ ਉਤੇ ਸਟਿੰਗ ਆਪਰੇਸ਼ਨ ਦੇ ਪ੍ਰਸਾਰਨ ਕਰਨ ਨਾਲ ਜੁੜਿਆ ਹੋਇਆ ਹੈ। ਚੈਨਲ ਨੇ ਇੱਕ ਵੀਡੀਓ ਚਲਾ ਕੇ ਦਾਅਵਾ ਕੀਤਾ ਹੈ ਕਿ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਦੇ ਇੱਕ ਅਤੇ ਕਾਂਗਰਸ ਦੇ ਤਿੰਨ ਉਮੀਦਵਾਰਾਂ ਨੇ 14 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਜਿੱਤਣ ਦੀ ਸੂਰਤ ਵਿੱਚ ਪਾਰਟੀ ਬਦਲਣ ਲਈ ਪੈਸੇ ਲਏ ਹਨ। ਆਮ ਆਦਮੀ ਪਾਰਟੀ ਦੇ ਪਣਜੀ ਤੋਂ ਉਮੀਦਵਾਰ ਵਾਲਮੀਕ ਨਾਇਕ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ ਤਾਂ ਕਿ ਇਸ ਵੀਡੀਓ ਬਾਰੇ ਅਥਾਰਟੀ ਨੂੰ ਪਤਾ ਲੱਗ ਸਕੇ। ਟੀ ਐਮ ਸੀ ਉਮੀਦਵਾਰ ਚਰਚਿਲ ਅਲੇਮਾਓ ਉੱਤੇ ਵੀ ਪੈਸੇ ਲੈਣ ਦਾ ਦੋਸ਼ ਲਾਇਆ ਗਿਆ ਹੈ ਅਤੇ ਉਨ੍ਹਾਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ। ਉਨ੍ਹਾਂ ਕਲਿੱਪ ਨੂੰ ਸਾਰੇ ਪਲੇਟਫਾਰਮਾਂ ਤੋਂ ਹਟਾਉਣ ਦੀ ਮੰਗ ਕਰਦਿਆਂ ਆਮ ਆਦਮੀ ਪਾਰਟੀ ਅਤੇ ਟੀ ਵੀ ਚੈਨਲ ਦੇ ਵਿਰੁੱਧ ਸ਼ਿਕਾਇਤ ਵੀ ਦਰਜ ਕਰਾਈ ਹੈ। ਅਲੇਮਾਓ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਨੇ ਚੁੱਪ ਰਹਿਣ ਸਮੇਂ, ਜੋ ਕਿ ਚੋਣ ਪ੍ਰਚਾਰ ਖਤਮ ਹੋਣ ਤੋਂ ਬਾਅਦ ਸ਼ੁਰੂ ਹੁੰਦਾ ਹੈ, ਦਾ ਉਲੰਘਣ ਕੀਤਾ ਹੈ। ਵਾਲਮੀਕੀ ਨਾਇਕ ਨੇ ਇਸ ਦੋਸ਼ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਕਿਸੇ ਵੀ ਤਰ੍ਹਾਂ ਦੇ ਪ੍ਰਚਾਰ ਵਿੱਚ ਸ਼ਮੂਲੀਅਤ ਨਹੀਂ ਕੀਤੀ। ਟੀ ਐਮ ਸੀ ਦੀ ਰਾਜ ਸਭਾ ਮੈਂਬਰ ਸੁਸ਼ਮਿਤਾ ਦੇਵ ਨੇ ਵੀ ਇਸ ਬਾਰੇ ਨਾਇਕ ਅਤੇ ਆਮ ਆਦਮੀ ਪਾਰਟੀ ਦੀ ਗੋਆ ਰਾਜ ਵਾਲੀ ਚੋਣ ਦੀ ਇੰਚਾਰਜ ਆਤਿਸ਼ੀ ਦੇ ਖਿਲਾਫ ਸ਼ਿਕਾਇਤ ਦਿੱਤੀ ਹੈ।

# ਜ਼ਿੰਬਾਬਵੇ ਦੀ ਔਰਤ 60 ਕਰੋੜ ਰੁਪਏ ਦੀ ਡਰੱਗ ਸਮੇਤ ਗ੍ਰਿਫਤਾਰ



ਮੁੰਬਈ, 14 ਫਰਵਰੀ (ਪੋਸਟ ਬਿਊਰੋ)- ਮੁੰਬਈ ਹਵਾਈ ਅੱਡੇਦੇ ਕਸਟਮ ਅਫਸਰ ਨੇ ਜ਼ਿੰਬਾਬਵੇ ਦੀ ਇੱਕ ਔਰਤ ਨੂੰ ਸੱਠ ਕਰੋੜ ਦੀ ਹੈਰੋਇਨ ਤੇ ਪਾਬੰਦੀਸ਼ੁਦਾ ਡਰੱਗ ਮੈਥੇਂਫੇਟਾਈਮਾਈਨ (ਮੇਥ) ਨਾਲ ਗ੍ਰਿਫਤਾਰ ਕੀਤਾ ਹੈ।

ਹਰਾਰੇ ਤੋਂ ਇੱਥੇ ਪਹੁੰਚੀ ਔਰਤ ਨੇ ਆਪਣੀ ਟਰਾਲੀ ਅਤੇ ਐਗਜ਼ੀਕਿਊਟਿਵ ਬੈਗ ਅਤੇ ਦੋ ਫਾਈਲ ਫੋਲਡਰਾਂ ਵਿੱਚ ਨਸ਼ੀਲਾ ਪਦਾਰਥ ਰੱਖਿਆ ਸੀ। ਸੀ ਐਸ ਆਈ ਏ ਮੁੰਬਈ ਵਿੱਚ ਅਧਿਕਾਰੀਆਂ ਨੇ ਉਸ ਔਰਤ ਨੂੰ ਰੋਕਿਆ,ਉਸ ਕੋਲ ਹੈਰੋਇਨ ਦੇ ਰੂਪ ਵਿੱਚ 7006 ਗਰਾਮ ਪੀਲੇ ਰੰਗ ਦਾ ਪਾਊਡਰ ਤੇ ਹੈਰੋਇਨ ਅਤੇ ਮੈਥੇਂਫੇਟਾਮਾਈਨ ਟੈਸਟ ਕੀਤੇ ਗਏ ਅਤੇ 1480 ਗਰਾਮ ਸਫੈਦ ਕ੍ਰਿਸਟਲ ਗ੍ਰੇਨਿਊਲਸ ਮਿਲੇ। ਜ਼ਬਤ ਡਰੱਗਸ ਦੀ ਕੀਮਤ 60 ਕਰੋੜ ਰੁਪਏ ਹੈ। ਉਸ ਔਰਤ ਨੂੰ ਇੱਕ ਸਰਕਾਰੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦਾ ਮੈਡੀਕਲ ਟੈਸਟ ਕੀਤਾ ਗਿਆ ਅਤੇ ਟੈਸਟ ਵਿੱਚ ਪਤਾ ਲੱਗਾ ਕਿ ਉਹ ਕੋਰੋਨਾ ਨੈਗੇਟਿਵ ਹੈ। ਉਸ ਨੂੰ ਕੋਰਟ ਵਿੱਚ ਪੇਸ਼ ਕਰ ਕੇ ਕਸਟਮ ਅਫਸਰ ਨੇ ਕਿਹਾ ਕਿ ਉਸ ਤੋਂ ਅਗਲੇਰੀ ਪੁੱਛਗਿੱਛ ਦੀ ਜ਼ਰੂਰਤ ਨਹੀਂ। ਔਰਤ ਨੂੰ 14 ਦਿਨ ਲਈ ਜੇਲ੍ਹ ਭੇਜ ਦਿੱਤਾ ਗਿਆ।

# ਗੂਗਲ ਨੇ ਬਗ ਰਿਪੋਰਟ ਕਰਨ ਵਾਲਿਆਂ ਨੂੰ 87 ਲੱਖ ਡਾਲਰ ਦਿੱਤੇ

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਗੂਗਲ ਨੇ ਬੀਤੇ ਸਾਲ ਆਪਣੀਆਂ ਵੱਖ-ਵੱਖ ਸੇਵਾਵਾਂ ਉੱਤੇ ਬਗ ਦੀ ਰਿਪੋਰਟ ਕਰਨ ਵਾਲਿਆਂ ਨੂੰ 87 ਲੱਖ ਡਾਲਰਾਂ ਦਾ ਭੁਗਤਾਨ ਕੀਤਾ ਹੈ।

ਇਸ ਬਾਰੇ ਗੂਗਲ ਨੇ ਆਪਣੀ ਰਿਪੋਰਟ ਵਿੱਚ ਇੰਦੌਰ ਦੇ ਵਸਨੀਕ ਅਮਨ ਪਾਂਡੇ ਦਾ ਖਾਸ ਜ਼ਿਕਰ ਕੀਤਾ ਹੈ, ਜੋ ਬਗਸਮਿਰਰ ਕੰਪਨੀ ਦੇ ਮੋਢੀ ਹਨ।ਗੂਗਲ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਬਗਸਮਿਰਰ ਟੀਮ ਦੇ ਪਾਂਡੇ ਬੀਤੇ ਸਾਲ ਸਾਡੇ ਚੋਟੀ ਦੇ ਖੋਜਕਰਤਾ ਰਹੇ। ਉਨ੍ਹਾਂ ਨੇ ਪਿਛਲੇ ਸਾਲ 232 ਬਗ ਰਿਪੋਰਟ ਕੀਤੇ। ਉਨ੍ਹਾਂ ਨੇ ਸਾਲ 2019 ਵਿੱਚ ਪਹਿਲੀ ਵਾਰ ਰਿਪੋਰਟ ਦਿੱਤੀ ਸੀ ਅਤੇ ਉਦੋਂ ਤੋਂ ਅੱਜ ਤਕ ਉਹ ਐਂਡਰਿਆਡ ਵਲਨਰੇਬਿਲਟੀ ਰਿਵਾਡ ਪ੍ਰੋਗਰਾਮ (ਵੀ ਆਰ ਪੀ) ਲਈ 280 ਤੋਂ ਵੱਧ ਵਲਨਰੇਬਿਲਟੀ ਦੇ ਬਾਰੇ ਰਿਪੋਰਟ ਕਰ ਚੁੱਕੇ ਹਨ। ਇਹ ਸਾਡੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਸਾਬਤ ਹੋਇਆ ਹੈ।ਪਾਂਡੇ ਐਨ ਆਈ ਟੀ ਭੋਪਾਲ ਤੋਂ ਗ੍ਰੈਜੂਏਟ ਹਨ ਅਤੇ ਉਨ੍ਹਾਂ ਨੇ 2021 ਵਿੱਚ ਆਪਣੀ ਕੰਪਨੀ ਦਾ ਰਜਿਸਟਰੇਸ਼ਨ ਕਰਾਇਆ ਸੀ। ਉਨ੍ਹਾਂ ਦੀ ਕੰਪਨੀ ਬਗਸਮਿਰਰ ਗੂਗਲ, ਐਪਲ ਅਤੇ ਹੋਰਨਾਂ ਕੰਪਨੀਆਂ ਨੂੰ ਉਨ੍ਹਾਂ ਦੇ ਸਕਿਓਰਿਟੀ ਸਿਸਟਮ ਨੂੰ ਵੱਧ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ।

ਐਂਡਰਿਆਡ ਵੀ ਆਰ ਪੀ ਨੇ ਸਾਲ 2021 ਵਿੱਚ ਸਾਲ 2020 ਦੇ ਮੁਕਾਬਲੇ ਵਿੱਚ ਦੁੱਗਣਾ ਭੁਗਤਾਨ ਕੀਤਾ ਹੈ ਅਤੇ ਉਸ ਨੇ ਐਂਡਰਿਆਡ ਵਿੱਚ ਇੱਕ ਐਕਸਪਲਾਈਟ ਚੇਨ ਦਾ ਪਤਾ ਲਾਉਣ ਲਈ ਅੱਜ ਤਕ ਸਭ ਤੋਂ ਵੱਡੀ ਰਕਮ 1,57,000 ਡਾਲਰ ਦਾ ਭੁਗਤਾਨ ਕੀਤਾ ਹੈ। ਗੂਗਲ ਦੀ ਵਲਨਰੇਬਿਲਟੀ ਰਿਵਾਰਡ ਟੀਮ ਦੀ ਮੈਂਬਰ ਸਾਰਾ ਜੈਕਬਸ ਨੇ ਕਿਹਾ ਕਿ ਸਾਡੀ ਇੰਡਸਟਰੀ ਵਿੱਚ ਅੱਜ ਤਕ ਦਾ ਸਭ ਤੋਂ ਵੱਡਾ ਰਿਵਾਰਡ 15,00,000 ਡਾਲਰ ਹੈ, ਜੋ ਟਾਈਟਨ-ਐਮ ਸਕਿਓਰਿਟੀ ਚਿਪ ਦੇ ਲਈ ਹੈ ਅਤੇ ਹੁਣ ਤਕ ਇਸ ਦਾ ਦਾਅਵਾ ਕਿਸੇ ਨੇ ਨਹੀਂ ਕੀਤਾ ਹੈ।

## ਸਟਾਲਿਨ ਤੇ ਪੱਛਮੀ ਬੰਗਾਲ ਦੇ ਗਵਰਨਰ ਵਿਚਾਲੇ ਸ਼ਬਦੀ ਜੰਗ ਭਖੀ

ਚੇਨਈ (ਤਾਮਿਲ ਨਾਡੂ), 14 ਫਰਵਰੀ (ਪੋਸਟ ਬਿਊਰੋ)- ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਕੱਲ੍ਹ ਕਿਹਾ ਕਿ ਪੱਛਮੀ ਬੰਗਾਲ ਦੇ ਗਵਰਨਰ ਜਗਦੀਪ ਧਨਖੜ ਵੱਲੋਂ ਸੂਬੇ ਦਾ ਵਿਧਾਨ ਸਭਾ ਸੈਸ਼ਨ ਮੁਲਤਵੀ ਕਰਨ ਪਿੱਛੇ ਕੋਈ ਜਾਇਜ਼ ਕਾਰਨ ਨਹੀਂ ਹੈ। ਇਸ ਉੱਤੇ ਜਵਾਬ ਵਿੱਚ ਧਨਖੜ ਨੇ ਕਿਹਾ ਕਿ ਸਰਕਾਰ ਦੀ ਅਪੀਲ ਉੱਤੇ ਵਿਧਾਨ ਸਭਾ ਸੈਸ਼ਨ ਮੁਲਤਵੀ ਕੀਤਾ ਗਿਆ ਹੈ ਤੇ ਤਾਮਿਲ ਨਾਡੂ ਦੇ ਮੁੱਖ ਮੰਤਰੀ ਦੀਆਂ ਟਿੱਪਣੀਆਂ ਸਖਤ ਅਤੇ ਤਰਕ ਤੋਂ ਤੱਖਣੀਆਂ ਹਨ।ਸਟਾਲਿਨ ਨੇ ਫਿਰ ਟਵੀਟ ਕੀਤਾ ਕਿ "ਪੱਛਮੀ ਬੰਗਾਲ ਦੇ ਗਵਰਨਰਵੱਲੋਂ ਪੱਛਮੀ ਬੰਗਾਲ ਰਾਜ ਵਿਧਾਨ ਸਭਾ ਸੈਸ਼ਨ ਖਤਮ ਕਰਨ ਪਿੱਛੇ ਕੋਈ ਤਰਕ ਨਹੀਂ ਹੈ। ਇੰਨੇ ਉਚੇ ਅਹੁਦੇ ਉੱਤੇ ਬੈਠੇ ਵਿਅਕਤੀ ਤੋਂ ਇਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਅਤੇ ਇਹ ਸਥਾਪਤ ਨਿਯਮਾਂ ਤੇ ਰਵਾਇਤਾਂ ਦੇ ਖਿਲਾਫ ਹੈ।"

ਇਸ ਬਾਰੇ ਐੱਮ ਕੇ ਸਟਾਲਿਨ ਨੇ ਕਿਹਾ, "ਰਾਜ ਦੇ ਸੰਕੇਤਕ ਮੁਖੀ ਗਵਰਨਰਨੂੰ ਸੰਵਿਧਾਨ ਕਾਇਮ ਰੱਖਣ ਵਿੱਚ ਆਦਰਸ਼ ਵਿਅਕਤੀ ਹੋਣਾ ਚਾਹੀਦਾ ਹੈ। ਜਮਹੂਰੀਅਤ ਦੀ ਖੂਬਸੂਰਤੀ ਇੱਕ-ਦੂਜੇ ਨੂੰ ਬਰਾਬਰ ਸਨਮਾਨ ਦੇਣ ਵਿੱਚ ਹੈ।" ਇਸ ਦਾ ਜਵਾਬ ਦਿੰਦਿਆਂ ਧਨਖੜ ਨੇ ਆਪਣੇ ਅਧਿਕਾਰਤ ਹੈਂਡ ਤੋਂ ਟਵੀਟ ਕੀਤਾ, "ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਵੱਲੋਂ ਸਨਮਾਨਪੂਰਨ ਧਿਆਨ ਖਿੱਚਣਾ ਗੈਰ ਸਾਧਾਰਨ ਤੌਰ ਉੱਤੇ ਢੁੱਕਵਾਂ ਹੈ ਕਿ ਉਨ੍ਹਾਂ ਦੀਆਂ ਬਹੁਤ ਜ਼ਿਆਦਾ ਕੱਟੜ ਤੇ ਠੇਸ ਪੁਚਾਉਣ ਵਾਲੀਆਂ ਟਿੱਪਣੀਆਂ ਘੱਟੋ-ਘੱਟ ਤੱਥਾਂ ਉੱਤੇ ਆਧਾਰਤ ਨਹੀਂ। ਮਮਤਾ ਬੈਨਰਜੀ ਦੀ ਅਪੀਲ ਉੱਤੇ ਵਿਧਾਨ ਸਭਾ ਦੀ ਕਾਰਵਾਈ ਟਾਲੀ ਗਈ ਹੈ।" ਧਨਖੜ ਨੇ ਇਸ ਸਬੰਧੀ ਇੱਕ ਅਧਿਕਾਰਤ ਪੱਤਰ ਵੀ ਪੋਸਟ ਕੀਤਾ ਹੈ।

# ਨੇਪਾਲ ਦੇ ਚੀਫ ਜਸਟਿਸ ਦੇ ਖਿਲਾਫ ਮਹਾਦੋਸ਼ ਦਾ ਮਤਾ ਪੇਸ਼

ਕਾਠਮੰਡੂ, 14 ਫਰਵਰੀ (ਪੋਸਟ ਬਿਊਰੋ)- ਨੇਪਾਲ ਦੇ ਸੱਤਾਧਾਰੀ ਗੱਠਜੋੜ ਦੇ ਦੋਸ਼ਾਂ ਬਾਰੇ ਕੱਲ੍ਹ ਇਸ ਦੇਸ਼ ਦੇ ਚੀਫ ਜਸਟਿਸ ਚੋਲੇਂਦਰ ਸ਼ਮਸ਼ੇਰ ਜੇਬੀ ਰਾਣਾ ਦੇ ਖਿਲਾਫ ਮਹਾਦੋਸ਼ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।

ਪਾਰਲੀਮੈਂਟਸੈਕਟਰੀਏਟ ਦੇ ਬੁਲਾਰੇ ਰਾਜਨਾਥ ਪਾਂਡੇ ਨੇ ਕਿਹਾ ਕਿ ਸਵੇਰੇ 11 ਵਜੇ ਮਹਾਦੋਸ਼ ਦਾ ਮਤਾ ਦਰਜ ਕੀਤਾ ਗਿਆ।ਜਸਟਿਸ ਰਾਣਾ ਨੂੰ ਪ੍ਰਤੀਨਿਧ ਸਭਾ ਵਿੱਚ ਉਨ੍ਹਾਂ ਖਿਲਾਫ ਮਹਾਦੋਸ਼ ਮਤਾ ਦਰਜ ਹੋਣ ਤੋਂ ਬਾਅਦ ਅਹੁਦੇ ਤੋਂ ਸਸਪੈਂਡ ਕਰ ਦਿੱਤਾ ਗਿਆ ਹੈ। ਰਾਣਾ ਨੇ ਦੋ ਜਨਵਰੀ 2019 ਨੂੰ ਚੀਫ ਜਸਟਿਸ ਦਾ ਅਹੁਦਾ ਸੰਭਾਲਿਆ ਸੀ। ਕਾਨੂੰਨ ਅਤੇ ਨਿਆਂ ਮੰਤਰੀ ਦਿਲੇਂਦਰ ਪ੍ਰਸਾਦ ਬਡੂ, ਨੇਪਾਲੀ ਕਾਂਗਰਸ ਦੇ ਵ੍ਹਿਪ ਪੁਸ਼ਪਾ ਭੁਸ਼ਾਲ ਅਤੇ ਸੀ ਪੀ ਐਨ-ਮਾਓਵਾਦੀ ਕੇਂਦਰ ਦੇ ਵਿਪ ਦੇਵ ਗੁਰੁੰਗ ਸਣੇ ਸੱਤਾਧਾਰੀ ਗੱਠਜੋੜ ਦੇ 98 ਪਾਰਲੀਮੈਂਟ ਮੈਂਬਰਾਂ ਨੇ ਚੀਫ ਜਸਟਿਸ ਦੇ ਖਿਲਾਫ ਮਹਾਦੋਸ਼ ਦਰਜ ਕੀਤੇ ਜਾਣ ਦੇ ਪ੍ਰਸਤਾਵ ਉੱਤੇਦਸਤਖਤ ਕੀਤੇ ਹਨ।

ਗੁਰੁੰਗ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਚੋਟੀ ਦੇ ਜੱਜ ਦੇ ਖਿਲਾਫ ਮਹਾਦੋਸ਼ ਦਾ ਪ੍ਰਸਤਾਵ ਦਰਜ ਕੀਤਾ ਗਿਆ ਹੈ, ਕਿਉਂਕਿ ਅਦਾਲਤ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ ਤੇ ਚੀਫ ਜਸਟਿਸ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਮਤੇ ਵਿੱਚ ਚੀਫ ਜਸਟਿਸ ਦੇ ਖਿਲਾਫ 21 ਦੋਸ਼ ਲਾਏ ਗਏ ਹਨ। ਇਨ੍ਹਾਂ ਵਿੱਚ ਲੋਕਤੰਤਰ, ਮਨੁੱਖੀ ਅਧਿਕਾਰ, ਕਾਨੂੰਨ ਦੇ ਸ਼ਾਸਨ, ਨਿਆਂਇਕ ਆਜ਼ਾਦੀ ਅਤੇ ਨਿਰਪੱਖਤਾ ਦੀ ਰੱਖਿਆ ਕਰਨ ਵਿੱਚ ਅਸਮਰੱਥ ਹੋਣਾ ਸ਼ਾਮਲ ਹੈ।ਉਨ੍ਹਾਂ ਉਪਰ ਭ੍ਰਿਸ਼ਟਾਚਾਰ ਦੇ ਦੋਸ਼ ਵੀ ਲਾਏ ਗਏ ਹਨ। ਜੇ ਮਤਾ ਪ੍ਰਤੀਨਿਧ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ਦੇ ਘੱਟੋ-ਘੱਟ ਦੋ ਤਿਹਾਈ ਬਹੁਮਤ ਨਾਲ ਪਾਸ ਹੋ ਜਾਂਦਾ ਹੈ ਤਾਂ ਚੀਫ ਜਸਟਿਸ ਨੂੰ ਉਨ੍ਹਾਂ ਦੇ ਅਹੁਦੇ ਤੋਂ ਮੁਕਤ ਕਰ ਦਿੱਤਾ ਜਾਵੇਗਾ। ਇਸੇ ਦੌਰਾਨ ਸੀਨੀਅਰ ਜੱਜ ਜਸਟਿਸ ਦੀਪ ਕੁਮਾਰ ਕਾਰਕੀ ਨੂੰ ਸੁਪਰੀਮ ਕੋਰਟ ਦਾ ਕਾਰਜਕਾਰੀ ਮੁੱਖ ਜੱਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 2017 ਵਿੱਚ ਇੱਕ ਮਹਾਦੋਸ਼ ਮਤਾ ਤਤਕਾਲੀ ਚੀਫ ਜਸਟਿਸ ਸੁਸ਼ੀਲਾ ਕਾਰਕੀ ਖਿਲਾਫ ਵੀ ਦਰਰ ਕੀਤਾ ਗਿਆ ਸੀ।

# ਕੁਰਾਨ ਦੀ ਬੇਅਦਬੀ ਕਰਨ ਵਾਲੇ ਨੂੰ ਲੋਕਾਂ ਨੇ ਕੁੱਟ-ਕੁੱਟ ਮਾਰ ਦਿੱਤਾ

ਲਾਹੌਰ, 14 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੇ ਖਾਨੇਵਾਲ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਕੁਰਾਨ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਭੀੜ ਨੇ ਇੱਕ ਅੱਧਖੜ ਉਮਰ ਦੇ ਵਿਅਕਤੀ ਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ। ਇਹ ਘਟਨਾ ਜੰਗਲ ਡੇਰਾ ਪਿੰਡ ਦੀ ਹੈ, ਜਿੱਥੇ ਸੈਂਕੜੇ ਸਥਾਨਕ ਲੋਕ ਮਗਰੀਬ ਦੀ ਨਮਾਜ਼ ਤੋਂ ਬਾਅਦ ਇਕੱਠੇ ਹੋਏ ਸਨ ਕਿ ਇੱਕ ਵਿਅਕਤੀ ਨੇ ਕੁਰਾਨ ਦੇ ਕੁਝ ਪੰਨੇ ਪਾੜ ਦਿੱਤੇ ਅਤੇ ਅੱਗ ਲਾ ਦਿੱਤੀ। ਪਿੰਡ ਵਾਸੀਆਂ ਨੇ ਸ਼ੱਕੀ ਵਿਅਕਤੀ ਨੂੰ ਦਰੱਖਤ ਨਾਲ ਲਟਕਾ ਦਿੱਤਾ ਤੇ ਫਿਰ ਇੱਟਾਂ ਨਾਲ ਉਦੋਂ ਤਕ ਮਾਰਿਆ ਜਦੋਂ ਤਕ ਉਸ ਦੀ ਮੌਤ ਨਹੀਂ ਹੋ ਗਈ। ਡਾਨ ਦੀ ਰਿਪੋਰਟ ਮੁਤਾਬਕ ਜਦੋਂ ਉਸ ਨੇ ਬੇਗੁਨਾਹ ਹੋਣ ਦਾ ਦਾਅਵਾ ਕੀਤਾ ਤਾਂ ਕੋਈ ਉਸ ਦੀ ਗੱਲ ਸੁਣਨ ਲਈ ਤਿਆਰ ਨਹੀਂ ਸੀ। ਚਸ਼ਮਦੀਦਾਂ ਮੁਤਾਬਕ ਪੁਲਸ ਦੀ ਟੀਮ ਪੱਥਰਬਾਜ਼ੀ ਤੋਂ ਕਾਫ਼ੀ ਪਹਿਲਾਂ ਪਿੰਡ ਪਹੁੰਚੀ ਤੇ ਮੁਲਜ਼ਮ ਫੜ ਲਿਆ, ਪਰ ਭੀੜ ਨੇ ਉਸ ਨੂੰ ਪੁਲਸ ਹਿਰਾਸਤ ਵਿੱਚੋਂ ਖੋਹ ਲਿਆ। ਆਈ ਜੀ ਪੁਲਸ ਨੂੰ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਰਿਪੋਰਟ ਦੇਣ ਨੂੰ ਕਿਹਾ ਹੈ।

# ਪੁਲਵਾਮਾ ਹਮਲਾ, ਮ੍ਰਿਤਕ ਬੱਸ ਡਰਾਈਵਰ ਕਿਸੇ ਹੋਰ ਦੀ ਥਾਂ ਉਤੇ ਡਿਊਟੀ ਦੇ ਰਿਹਾ ਸੀ

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਵਿੱਚ ਫਿਦਾਈਨ ਵੱਲੋਂ ਬੱਸ ਵਿੱਚ ਕੀਤੇ ਗਏ ਧਮਾਕੇ ਵਿੱਚ ਡਰਾਈਵਰ ਜੈਮਲ ਸਿੰਘ ਮਾਰਿਆ ਗਿਆ ਸੀ। ਉਹ ਆਪਣੇ ਸਾਥੀ ਦੀ ਥਾਂ 14 ਫਰਵਰੀ 2019 ਨੂੰ ਡਿਊਟੀ ਦੇ ਰਿਹਾ ਸੀ। ਇਹ ਖੁਲਾਸਾ ਆਈ ਪੀ ਐਸ ਅਫਸਰ ਦਿਨੇਸ਼ ਰਾਣਾ ਦੀ ਪੁਲਵਾਮਾ ਹਮਲੇ ਬਾਰੇ ਨਵੀਂ ਕਿਤਾਬ 'ਐਜ਼ ਫਾਰ ਐਜ਼ ਸੈਫਰਨ ਫੀਲਡਜ਼' ਵਿੱਚ ਕੀਤਾ ਗਿਆ ਹੈ। ਰਾਣਾ ਇਸ ਸਮੇਂ ਜੰਮੂ ਕਸ਼ਮੀਰ ਵਿੱਚਅਡੀਸ਼ਨਲ ਡੀ ਜੀ ਪੀ ਵਜੋਂ ਤੈਨਾਤ ਹਨ ਅਤੇ ਉਨ੍ਹਾਂ ਕਿਤਾਬ ਵਿੱਚ ਸੀ ਆਰ ਪੀ ਐਫ ਦੇ ਚਾਲੀ ਜਵਾਨਾਂ ਦੀ ਸ਼ਹੀਦੀ ਬਾਰੇ ਸਾਜ਼ਿਸ਼ ਦਾ ਪਰਤ-ਦਰ-ਪਰਤ ਪਰਦਾ ਫਾਸ਼ ਕੀਤਾ ਹੈ। ਨਾਇਕਾਂ ਨਾਲ ਇੰਟਰਵਿਊ, ਪੁਲਸ ਚਾਰਜਸ਼ੀਟਾਂ ਅਤੇ ਹੋਰ ਸਬੂਤਾਂ ਦੇ ਆਧਾਰ ਉੱਤੇ ਰਾਣਾ ਨੇ ਕਸ਼ਮੀਰ ਵਿੱਚ ਅੱਤਵਾਦ ਦੇ ਆਧੁਨਿਕ ਚਿਹਰੇ ਦਾ ਖੁਲਾਸਾ ਕੀਤਾ ਹੈ।

ਦਿਨੇਸ਼ ਰਾਣਾ ਨੇ ਘਟਨਾਕ੍ਰਮ ਦੀਆਂ ਤੰਦਾਂ ਜੋੜਦਿਆਂ ਲਿਖਿਆ ਕਿ ਸੀ ਆਰ ਪੀ ਐਫ ਦੇ ਜਵਾਨਾਂ ਦਾ ਕਾਫਲਾ ਰਿਪੋਰਟਿੰਗ ਸਮੇਂ ਤੋਂ ਪਹਿਲਾਂ ਪਹੁੰਚ ਗਿਆ ਸੀ। ਨਿਯਮਾਂ ਮੁਤਾਬਕ ਹੈਡ ਕਾਂਸਟੇਬਲ ਜੈਮਲ ਸਿੰਘ ਸਭ ਤੋਂ ਅੰਤ ਵਿੱਚ ਹੋਰ ਡਰਾਈਵਰਾਂ ਨਾਲ ਮੌਕੇ ਉੱਤੇ ਪਹੁੰਚਿਆ ਸੀ ਕਿਉਂਕਿ ਵਾਹਨ ਚਲਾਉਣ ਵਾਲੇ ਡਰਾਈਵਰਾਂ ਨੂੰ ਆਰਾਮ ਲਈ ਅੱਧੇ ਘੰਟੇ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ। ਹਾਰਪਰ ਕੌਲਿਨਜ਼ ਇੰਡੀਆ ਵੱਲੋਂ ਛਾਪੀ ਇਸ ਕਿਤਾਬ ਵਿੱਚ ਲਿਖਿਆ ਗਿਆ ਹੈ, "ਚੰਬਾ ਦੇ ਹੈਡ ਕਾਂਸਟੇਬਲ ਕਿਰਪਾਲ ਸਿੰਘ ਨੇ ਆਪਣੀ ਧੀ ਦੇ ਵਿਆਹ ਲਈ ਛੁੱਟੀ ਦੀ ਅਰਜ਼ੀ ਦਿੱਤੀ ਹੋਈ ਸੀ। ਕਿਰਪਾਲ ਨੇ ਐਚ ਆਰ 49 ਐਫ 0637 ਰਜਿਸਟਰੇਸ਼ਨ ਵਾਲੀ ਬੱਸ ਚਲਾਉਣੀ ਸੀ ਤੇ ਨਿਗਰਾਨ ਅਧਿਕਾਰੀ ਨੇ ਉਸ ਨੂੰ ਦੱਸਿਆ ਕਿ ਉਹ ਜੰਮੂ ਮੁੜਨ ਮਗਰੋਂ ਛੁੱਟੀਚਲਾ ਜਾਵੇ। ਕਿਰਪਾਲ ਬਹੁਤ ਖੁਸ਼ ਸੀ ਅਤੇ ਉਸ ਦੀ ਛੁੱਟੀ ਪੰਜ ਦਿਨਾਂ ਮਗਰੋਂ ਸ਼ੁਰੂ ਹੋਣੀ ਸੀ, ਪਰ ਮੌਸਮ ਨੇ ਸਾਰੀ ਖੇਡ ਵਿਗਾੜ ਦਿੱਤੀ ਤੇ ਇਹ ਸੰਭਾਵਨਾ ਸੀ ਕਿ ਕਿਰਪਾਲ ਸ੍ਰੀਨਗਰ ਵਿੱਚ ਬਰਫਬਾਰੀ ਤੇ ਮੀਂਹ ਕਾਰਨ ਫਸ ਸਕਦਾ ਸੀ, ਜਿਸ ਕਾਰਨ ਉਹ ਸਮੇਂ ਸਿਰ ਧੀ ਦੇ ਵਿਆਹ ਮੌਕੇ ਘਰ ਨਾ ਪਹੁੰਚਦਾ। ਇਸ ਕਾਰਨ ਜੈਮਲ ਖੁਦ ਕਿਰਪਾਲ ਦੀ ਮਦਦ ਲਈ ਅੱਗੇ ਆਇਆ ਤੇ ਉਹ ਬੱਸ ਚਲਾਉਣ ਨੂੰ ਤਿਆਰ ਹੋ ਗਿਆ।" ਰਾਣਾ ਨੇ ਲਿਖਿਆ ਹੈ ਕਿ ਜੈਮਲ ਸਿੰਘ ਨੇ 13 ਫਰਵਰੀ ਦੀ ਰਾਤ ਪੰਜਾਬ ਵਿੱਚ ਆਪਣੀ ਪਤਨੀ ਨਾਲ ਗੱਲਬਾਤ ਕਰਦਿਆਂ ਆਪਣੀ ਡਿਊਟੀ ਦਾ ਜ਼ਿਕਰ ਕੀਤਾ ਸੀ, ਜੋ ਉਸ ਦੀ ਆਖਰੀ ਗੱਲਬਾਤ ਸਾਬਤ ਹੋਈ।






ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS · JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਚਹੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker

Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇਂ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

FREE ONLINE PROGRAM

JVS TORONTO

# Job Search Workshop for Newcomers



**Looking for information on how to enter your field in Canada?**

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada. Financé par : Immigration, Réfugiés et Citoyenneté Canada

United Way Greater Toronto

UJA FEDERATION of Greater Toronto




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017